# ਸਾਂਝੀ ਵਿਰਾਸਤ

ਜਿਲਦ 2 ਅੰਕ 23

2023

ਮੱਘਰ (ਨਵੰਬਰ)



**ਸਾਂਝੀ ਵਿਰਾਸਤ (Shared Heritage)**

**ਪੰਜਾਬੀ ਭਾਸ਼ਾ, ਸਭਿਅਤਾ, ਇਤਿਹਾਸ ਅਤੇ ਵਿਰਾਸਤ ਦੀ ਔਨਲਾਈਨ**

**ਗੈਰ-ਸਿਆਸੀ ਮਾਸਿਕ ਮੈਗਜ਼ੀਨ**

A monthly Non-political, Not-for-profit (Bilingual) On-line magazine of

**Panjabi Language, Culture, History and Heritage**

Website: **sanjhivirasat.org**

# ਵਿਸ਼ਾ ਸੂਚੀ (ਨਵੰਬਰ 2023)


| | | | |
|---|---|---|---|
| 1. | ਸੰਪਾਦਕੀ ਨੋਟ | ਮੁਖ ਸੰਪਾਦਕ | 3 |
| 2. | ਵਿਆਖਿਆ ਬਾਰਹ ਮਾਹਾ ਤੁਖਾਰੀ ਮ: 1 | ਪ੍ਰੋਫ਼ੈਸਰ ਮਨਿੰਦਰ ਸਿੰਘ | 4 |
| 3. | ਵਿਆਖਿਆ ਬਾਰਹ ਮਾਹਾ ਮਾਂਝ ਮਹਲਾ 5 | ਕਰਮਜੀਤ ਸਿੰਘ ਨੂਰ | 5 |
| 4. | ਸਭ ਦਾ ਸਾਂਝਾ ਸਤਿਗੁਰੁ ਨਾਨਕ | ਪ੍ਰੋਫ਼ੈਸਰ ਮਨਿੰਦਰ ਸਿੰਘ | 7 |
| 5. | ਗੁਰੂ ਨਾਨਕ ਦਾ ਨਿਆਰਾ ਇਨਕਲਾਬ -6 | ਡਾ. ਕਾਬਲ ਸਿੰਘ, ਡਾ. ਬਲਦੇਵ ਸਿੰਘ | 9 |
| 6. | ਪੱਤਾ (ਕਵਿਤਾ) | ਗੁਰਦੀਸ਼ ਕੌਰ ਗਰੇਵਾਲ | 12 |
| 7. | ਮੇਰਾ ਬਾਬਲ | ਗੁਰਭਜਨ ਸਿੰਘ ਗਿੱਲ | 13 |
| 8. | ਕੀ ਸਭ ਨੂੰ ਸਮਝਾਇਆ ਜਾ ਸਕਦਾ ਹੈ ? | ਡਾ. ਦੇਵਿੰਦਰ ਸਿੰਘ ਸੇਖੋਂ | 15 |
| 9. | ਨਾਨਕਸ਼ਾਹੀ ਕੈਲੰਡਰ 2022-2023 | ਅਮਰੀਕਨ ਸਿੱਖ ਕੌਂਸਿਲ | 17 |
| 10. | ਐ. ਆਈ. (**A. I.**) ਅਤੇ ਪੰਜਾਬੀਅਤ - 2 | ਡਾ. ਦੇਵਿੰਦਰ ਪਾਲ ਸਿੰਘ | 18 |
| 11. | ਸਾਨੂੰ ਇੰਨ੍ਹਾਂ ਤੇ ਮਾਣ ਹੈ | ਸਾਂਝੀ ਵਿਰਾਸਤ | 20 |
| 12. | ਸਿੱਖ ਧਰਮ ਬਾਰੇ ਦੋ ਵਿਦਵਾਨਾਂ ਦੇ ਵਿਚਾਰ | ਮੈਕਾਲਿਫ਼ ਅਤੇ ਟੌਯਿਨਬੀ | 23 |
| 13. | ਲਿਬਾਸ ਅਤੇ ਗਹਿਣੇ | ਡਾ. ਹਰਸ਼ਿੰਦਰ ਕੌਰ | 24 |
| 14. | ਗੁਰੂ ਅਮਰਦਾਸ ਅਪਾਹਜ ਆਸ਼ਰਮ | ਗੁਰਚਰਨ ਕੌਰ ਥਿੰਦ | 26 |
| 15. | ਉਜਲੇ ਬਸਤਰ ਵਾਲੇ ਵੀਰਾ (ਕਵਿਤਾ) | ਗੁਰਚਰਨ ਸਿੰਘ ਜੋਗੀ | 28 |
| 16. | ਪੰਜਾਬੀ ਸ਼ਬਦਾਂ ਬਾਰੇ ਜਾਣਕਾਰੀ | ਸਕੂਲ ਸਿਖਿਆ ਵਿਭਾਗ (ਪੰਜਾਬ) | 29 |
| 17. | ਗੰਭੀਰ ਸਮੱਸਿਆ ਬਣਿਆ - ਬਾਂਝਪਨ | ਡਾ. ਜੈ ਰੂਪ ਸਿੰਘ | 30 |
| 18. | ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ | ਐਡੀਟੋਰੀਅਲ ਬੋਰਡ | 32 |
| 19. | ਲੇਖਕਾਂ ਲਈ ਜ਼ਰੂਰੀ ਜਾਣਕਾਰੀ | ਸਾਂਝੀ ਵਿਰਾਸਤ | 35 |
| 20. | ਐਡੀਟੋਰੀਅਲ ਬੋਰਡ ਅਤੇ ਸਲਾਹਕਾਰ | ਸਾਂਝੀ ਵਿਰਾਸਤ | 36 |


## Lecture on Myths About Eclipses

## ਸੰਪਾਦਕੀ ਨੋਟ
## (ਨਵੰਬਰ 2023 ਅੰਕ)

ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਗੁਰੂ ਤੇਗ ਬਹਾਦੁਰ ਸਾਹਿਬ ਦੀ ਸ਼ਹੀਦੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਗੱਦੀ ਦਿਵਸ 24 ਨਵੰਬਰ ਹੈ। ਨਵੰਬਰ ਦੀ 14 ਤਾਰੀਖ ਤੋਂ ਮੱਘਰ ਦਾ ਮਹੀਨਾ ਸ਼ੁਰੂ ਹੁੰਦਾ ਹੈ। ਇਸ ਮਹੀਨੇ ਦੇ ਮਹੱਤਵਪੂਰਨ ਦਿਨਾਂ ਵਿਚੋਂ ਕੁਝ ਇਹ ਹਨ।

**ਨਵੰਬਰ ਦੀ 10 ਤਾਰੀਖ ਨੂੰ Science Day for World Peace and Development** ਰੱਖਿਆ ਗਿਆ ਹੈ ਜਦ ਕਿ 9 ਤੋਂ 14 ਨਵੰਬਰ ਵਾਲਾ ਹਫ਼ਤਾ **International Week of Science for Peace ਨੀਯਤ ਹੈ। ਦੋਵਾਂ ਦਾ ਮਕਸਦ ਲੋਕਾਂ ਨੂੰ ਦੱਸਣਾ ਹੈ ਕਿ ਵਿਗਿਆਨ ਅਤੇ ਤਕਨੀਕੀ ਖੋਜਾਂ ਨਾਲ ਮਨੁੱਖੀ ਭਲਾਈ ਅਤੇ ਵਿਸ਼ਵ ਸ਼ਾਂਤੀ ਵਿਚ ਮਦਦ ਮਿਲ ਸਕਦੀ ਹੈ।**

**ਕੈਨੇਡਾ ਦੇ ਕੁਝ ਹਿੱਸਿਆਂ ਵਿਚ 6 ਨਵੰਬਰ** ਤੋਂ **Daylight Saving Time (DST) ਲਾਗੂ ਕੀਤਾ ਜਾਂਦਾ ਹੈ। ਇਸਦਾ ਮੰਤਵ ਸਰਦੀਆਂ ਵਿਚ ਘੜੀਆਂ ਇਕ ਘੰਟਾ ਪਿਛੇ (Fall Back) ਕਰ ਕੇ ਕੰਮ ਦਾ ਸਮਾਂ ਵਧਾਉਣਾ ਹੁੰਦਾ ਹੈ।** ਕੈਨੇਡਾ ਵਿਚ 11 ਨਵੰਬਰ ਸ਼ਹੀਦ **Remembrance Day** ਹੈ, 1954 ਤੋਂ **20 ਨਵੰਬਰ International Children's Day** ਅਤੇ **25 ਨਵੰਬਰ Prevention of Violence Against Women ਦਾ** ਦਿਨ ਹੈ।

ਜੋ ਲੇਖਕ ਪੰਜਾਬੀ ਭਾਸ਼ਾ, ਸਭਿੱਅਤਾ, ਇਤਿਹਾਸ ਜਾਂ ਵਿਰਾਸਤ ਬਾਰੇ ਮੌਲਿਕ ਰਚਨਾਵਾਂ (ਲੇਖ, ਮਿੰਨੀ ਕਹਾਣੀ, ਆਪ-ਬੀਤੀ ਜਾਂ ਕਵਿਤਾ) ਭੇਜਣਾ ਚਾਹੁੰਦੇ ਹਨ ਉਹ 10 ਤਾਰੀਖ ਤਕ ਭੇਜ ਦਿਆ ਕਰਣ। ਕਿਸੇ ਧਰਮ, ਸੰਸਥਾ ਜਾਂ ਪਾਰਟੀ ਵਿਰੁੱਧ ਜਾਂ ਕਿਸੇ ਵਿਵਾਦਤ ਰਾਜਨੀਤਿਕ ਵਿਅਕਤੀ ਬਾਰੇ ਲੇਖ ਨਹੀਂ ਛਾਪੇ ਜਾਣਗੇ।

ਇਕਸਾਰਤਾ ਲਈ ਜ਼ਰੂਰੀ ਜਾਣਕਾਰੀ ਹਰ ਅੰਕ ਦੇ ਅੰਤ ਵਿਚ ਦਿੱਤੀ ਹੈ ਅਤੇ ਇਸ ਦੇ ਵੈਬਸਾਈਟ **(sanjhivirasat.org)** ਤੇ ਵੀ ਹੈ। ਜੇ ਹੋ ਸਕੇ ਤਾਂ ਪੰਜਾਬੀ ਰਚਨਾਵਾਂ "ਅਨਮੋਲ ਲਿਪੀ" ਵਿਚ ਹੀ ਭੇਜੀਆਂ ਜਾਣ। ਅੰਗਰੇਜ਼ੀ ਵਿਚ ਲਿਖੀਆਂ ਰਚਨਾਵਾਂ ਵੀ ਛਾਪੀਆਂ ਜਾਂਦੀਆਂ ਹਨ।

ਮੌਲਿਕ ਰਚਨਾਵਾਂ (14 ਫ਼ੌਂਟ ਵਿਚ) ਵੱਧ ਤੋਂ ਵੱਧ ਦੋ ਪਨਿੰਆਂ (ਕੁਲ 800 ਸ਼ਬਦਾਂ) ਤਕ ਹੀ ਰੱਖੀਆਂ ਜਾਣ। ਲੰਬੇ ਲੇਖ ਇਸ ਵੈਬਸਾਈਟ ਦੇ 'ਬਲਾਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ। ਲੇਖਕ ਆਪਣੀ ਫੋਟੋ (ਜੇ ਚਾਹੁਣ ਤਾਂ), ਆਪਣੇ ਸ਼ਹਿਰ ਤੇ ਦੇਸ ਦੇ ਨਾਂ, ਈ-ਮੇਲ, ਵੱਟਸਐਪ ਜਾਂ ਫੋਨ ਨੰਬਰ ਅਤੇ ਆਪਣੇ ਬਾਰੇ ਸੰਖੇਪ ਜਾਣਕਾਰੀ ਵੀ ਭੇਜ ਦੇਣ। ਪਾਠਕਾਂ ਅਤੇ ਲੇਖਕਾਂ ਦੇ ਸੁਝਾਵਾਂ ਤੇ ਵਿਚਾਰ ਜ਼ਰੂਰ ਕੀਤਾ ਜਾਵੇਗਾ। ਧੰਨਵਾਦ।

ਡਾ. ਸੁਰਜੀਤ ਸਿੰਘ ਭੱਟੀ, ਮੁੱਖ ਸੰਪਾਦਕ
**(sanjhivirasat13@gmail.com)**

## ਮੱਘਰ ਮਹੀਨੇ ਦਾ ਪਾਠ ਅਤੇ ਵਿਆਖਿਆ

### ਬਾਰਹ ਮਾਹਾ ਤੁਖਾਰੀ ਛੰਤ ਮਹਲਾ 1

ੴ ਸਤਿਗੁਰ ਪ੍ਰਸਾਦਿ॥

ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ॥
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲੁ ਭਾਵਏ ॥
ਨਿਹਚਲੁ ਚਤੁਰੁ ਸੁਜਾਣੁ ਬਿਧਾਤਾ ਚੰਚਲੁ ਜਗਤੁ ਸਬਾਇਆ ॥
ਗਿਆਨੁ ਧਿਆਨੁ ਗੁਣ ਅੰਕਿ ਸਮਾਣੇ ਪ੍ਰਭ ਭਾਣੇ ਤਾ ਭਾਇਆ ॥
ਗੀਤ ਨਾਦ ਕਵਿਤ ਕਵੇ ਸੁਣਿ ਰਾਮ ਨਾਮਿ ਦੁਖੁ ਭਾਗੈ ॥
ਨਾਨਕ ਸਾ ਧਨ ਨਾਹ ਪਿਆਰੀ ਅਭ ਭਗਤੀ ਪਿਰ ਆਗੈ ॥੧੩॥ {ਪੰਨਾ 1109}

ਵਿਆਖਿਆ

ਜੀਵ-ਇਸਤ੍ਰੀ ਲਈ ਮੱਘਰ ਰੂਪੀ ਜੀਵਨ ਦਾ ਮਹੀਨਾ ਹਰੀ ਦੇ ਗੁਣਾ ਨੂੰ ਗ੍ਰਹਿਣ ਕਰਨ ਕਰਕੇ ਸੁਹਾਵਾ ਹੋ ਗਿਆ ਹੈ। ਪ੍ਰਮੇਸ਼ਰ ਦੇ ਗੁਣਾ ਤੇ ਚਲਣ ਵਾਲੀ ਜੀਵ-ਇਸਤ੍ਰੀ ਨੂੰ ਸਦਾ ਰਹਿਣ ਵਾਲਾ ਪਤੀ ਪ੍ਰਮੇਸ਼ਵਰ ਭਾਅ ਗਿਆ ਹੈ। ਉਹ ਸਦਾ ਸਥਿਰ ਰਹਿਣ ਵਾਲਾ ਸਿਰਜਣਹਾਰ ਪ੍ਰਭੂ ਸਿਆਣਾ ਸਭ ਕੁਝ ਜਾਣਨ ਤੇ ਸਾਰੇ ਕਾਰਜ ਕਰਨ ਵਾਲਾ ਹੈ। ਇਹ ਸੰਸਾਰ ਚਲਾਇਮਾਨ ਹੈ ਪਰ ਜੇ ਪ੍ਰਭੁ ਕਿਰਪਾ ਕਰੇ ਤਾਂ ਜੀਵ ਦੇ ਅੰਦਰ ਤੱਤ ਗਿਆਨ ਦੁਆਰਾ ਪ੍ਰਮਾਤਮਾਂ ਵਿਚ ਬਿਰਤੀ ਜੋੜਨ ਨਾਲ ਹਿਰਦੇ ਵਿਚ ਗੁਣਾ ਦਾ ਪ੍ਰਵੇਸ਼ ਹੁੰਦਾ ਹੈ। ਕਿਰਪਾ ਦ੍ਰਿਸ਼ਟੀ ਨਾਲ ਜੀਵ-ਇਸਤ੍ਰੀ ਨੂੰ ਪ੍ਰਭੂ ਪਤੀ ਚੰਗਾ ਲਗਦਾ ਹੈ। ਕਵੀਆਂ ਪਾਸੋਂ ਪ੍ਰਭੂ ਦੀ ਵਡਿਆਈ ਦੇ ਗੀਤ ਸੁਣਕੇ ਪ੍ਰਭੂ ਦੇ ਮਨੁੱਖ ਦੇ ਦੁੱਖ ਦੂਰ ਹੋ ਜਾਂਦੇ ਹਨ। ਉਹ ਜੀਵ-ਇਸਤ੍ਰੀ ਪ੍ਰਭੂ ਪਤੀ ਨੂੰ ਪਿਆਰੀ ਲਗਦੀ ਹੈ ਜੋ ਭਗਤੀ ਦੁਆਰਾ ਪਰਮੇਸ਼ਰ ਨੂੰ ਰਿਝਾ ਕੇ ਅਸਥਿਰ ਸੰਸਾਰ ਰੂਪੀ ਪੇਕੇ ਘਰ ਤੋਂ ਪਰਮੇਸ਼ਵਰ ਦੇ ਸਥਿਰ ਘਰ ਜਾਣ ਲਈ ਭਗਤੀ ਦੇ ਗੁਣਾ ਦਾ ਸ਼ਿੰਗਾਰ ਕਰਦੀ ਹੈ।



ਪ੍ਰੋਫ਼ੈਸਰ ਮਨਿੰਦਰ ਸਿੰਘ
ਐਡਮਿੰਟਨ (ਕੈਨੇਡਾ)

ਬਾਰਹ ਮਾਹਾ ਮਾਂਝ ਮਹਲਾ 5 ਵਿੱਚੋਂ

ਮੱਘਰ ਮਹੀਨੇ ਦਾ ਪਾਠ ਅਤੇ ਉਸ ਦੀ ਵਿਆਖਿਆ

ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

ੴ ਸਤਿਗੁਰ ਪ੍ਰਸਾਦਿ ॥

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ ॥
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ॥
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ ॥
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ ॥
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ॥
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ॥
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ ॥
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ ਬਹੁੜਿ ਨ ਜਨਮੜੀਆਹ ॥੧੦॥

(ਸ੍ਰੀ ਗੁਰੂ ਗ੍ਰੰਥ ਸਾਹਿਬ ਪੰਨਾ 135)

## ਭਾਵ ਅਰਥ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਭਾਰਤ), 9815023970

ਮੱਘਰ ਦੇ ਮਹੀਨੇ ਬਾਰੇ ਪੰਚਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਉਪਦੇਸ਼ ਬਖਸ਼ਿਸ਼ ਕਰ ਰਹੇ ਹਨ ਕਿ ਮੱਘਰ ਦੇ ਮਹੀਨੇ ਦੀ ਠੰਢੀ ਠੰਢੀ ਰੁੱਤ ਵਿੱਚ ਉਹੀ ਜੀਵ ਇਸਤ੍ਰੀਆਂ ਸਦਾ ਖਿੜਾਓ ਵਿੱਚ ਰਹਿੰਦੀਆਂ ਹਨ ਜੋ ਸਾਧ ਸੰਗਤ ਵਿੱਚ ਰਹਿ ਕੇ ਪ੍ਰਭੂ ਦੇ ਮਿਲਾਪ ਦਾ ਸੁਆਦ ਮਾਣਦੀਆਂ ਹਨ।ਇਸ ਦੇ ਉਲਟ ਰੱਬ ਤੋਂ ਟੁੱਟੀਆਂ ਹੋਈਆਂ ਜੀਵ ਇਸਤ੍ਰੀਆਂ ਸਦਾ ਦੁੱਖਾਂ ਵਿੱਚ ਜੀਵਨ ਬਤੀਤ ਕਰਦੀਆਂ ਹਨ ਅਤੇ ਉਹ ਜਮਾਂ ਦੇ ਵੱਸ ਪੈ ਜਾਂਦੀਆਂ ਹਨ।

ਜਿਨ੍ਹਾਂ ਜੀਵ ਇਸਤ੍ਰੀਆਂ ਨੇ ਆਪਣਾ ਪ੍ਰਭੂ ਆਰਾਧਿਆ ਹੈ ਉਹ ਸਦਾ ਉਸ ਪ੍ਰਭੂ ਦੇ ਦਰ ਤੇ (ਵੱਡਮੁੱਲੇ ਰੱਬੀ ਗੁਣਾਂ ਨਾਲ ਸ਼ਿੰਗਾਰੀਆ ਹੋਈਆਂ) ਸੋਹਣੀਆਂ ਲਗਦੀਆ ਹਨ। ਪੰਜਵੇਂ ਗੁਰੂ ਸਾਹਿਬ ਜੀ ਕਹਿ ਰਹੇ ਹਨ ਕਿ ਉਹ ਪ੍ਰਭੂ ਦੇ ਦਰ ਤੇ (ਅਜਿਹੇ ਸ਼ਰਨ ਆਏ ਜੀਵਾਂ ਦੀ) ਚਰਨ-ਧੂੜ ਮੰਗਦੇ ਹਨ। ਮੱਘਰ ਵਿਚ ਕਰਤਾਰ ਨੂੰ ਜਪਣ ਵਾਲਾ ਜੰਮਣ ਮਰਨ ਦੇ ਗੇੜ ਚੋਂ ਛੁੱਟ ਜਾਂਦਾ ਹੈ।

# ਬਾਰਹ ਮਾਹਾ ਮਾਂਝ ਮਹਲਾ 5 ਵਿੱਚੋਂ
# ਮੱਘਰ ਮਹੀਨੇ ਦੇ ਪਾਠ ਦੀ
# ਕਾਵਿਕ ਵਿਆਖਿਆ

ਇੰਜੀਨੀਅਰ ਸਰਦਾਰ ਕਰਮਜੀਤ ਸਿੰਘ ਨੂਰ
ਜਲੰਧਰ (ਭਾਰਤ),9815023970



ਜੀਵ ਇਸਤਰੀਆਂ ਉਹੋ ਹੀ ਸੋਹਣੀਆਂ ਨੇ ,
ਲੈਂਦਾ ਜਿਨ੍ਹਾਂ ਨੂੰ ਕੋਲ ਬਿਠਾਲ ਸਾਹਿਬ ।
ਸ਼ੋਭਾ ਉਨ੍ਹਾਂ ਦੀ ਕਹੀ ਨਹੀਂ ਜਾ ਸਕਦੀ ,
ਮੇਲੇ ਜਿਨ੍ਹਾਂ ਨੂੰ ਆਪਣੇ ਨਾਲ ਸਾਹਿਬ ।
ਤਨ ਮਨ ਉਨ੍ਹਾਂ ਦਾ ਖਿੜਿਆ ਹੈ ਸਦਾ ਰਹਿੰਦਾ,
ਸਤਿ ਸੰਗਣਾ ਨਾਲ ਜੋ ਰਲੀਆਂ ਨੇ ।
ਜੋ ਸੱਤ ਸੰਗਤ ਤੋਂ ਵਾਂਝੀਆਂ ਰਹਿ ਗਈਆਂ ,
ਰਹਿ ਜਾਂਦੀਆਂ ਸਦਾ ਇਕੱਲੀਆਂ ਨੇ ।
ਦੁੱਖ ਉਨ੍ਹਾਂ ਦੇ ਕਦੇ ਨਹੀਂ ਦੂਰ ਹੁੰਦੇ ,
ਵੱਸ ਜਮ੍ਹਾਂ ਦੇ ਪੈ ਪੈ ਰੋਂਦੀਆਂ ਨੇ ।
ਜਿਨ੍ਹਾਂ ਮਾਣਿਆ ਪ੍ਰਭੂ ਦਾ ਸਾਥ ਉਹ ਤਾਂ,
ਹੋ ਕੇ ਸਦਾ ਸੁਚੇਤ ਖਲੋਂਦੀਆਂ ਨੇ ।
ਹੀਰੇ ਲਾਲਾਂ ਜਹੇ ਰੱਬ ਦੇ ਗੁਣਾਂ ਵਾਲੇ ,
ਹਾਰ ਉਨ੍ਹਾਂ ਦੇ ਗਲੇ ਵਿਚ ਪਏ ਹੋਏ ਨੇ ।
ਨਾਨਕ ਮੰਗਦੈ ਉਨ੍ਹਾਂ ਦੀ ਧੂੜ ਹਰਦਮ,
ਜਿਹੜੇ ਪ੍ਰਭੂ ਦੇ ਚਰਨਾਂ ਚ ਢਹੇ ਹੋਏ ਨੇ ।
ਛੁੱਟੜ ਇਸਤਰੀ ਵਾਂਗ ਹੈ ਜੀਵ ਓਹ ਤਾਂ ,
ਜਿਹੜਾ ਰਾਮ ਦੇ ਨਾਮ ਤੋਂ ਟੁੱਟ ਜਾਂਦੈ ।
ਮੱਘਰ ਵਿੱਚ ਕਰਤਾਰ ਨੂੰ ਜਾਪਣ ਵਾਲਾ '
ਜੰਮਣ ਮਰਨ ਦੇ ਗੇੜ ਚੋਂ ਛੁੱਟ ਜਾਂਦੈ ॥

--*:*--

## ਸਭ ਦਾ ਸਾਂਝਾ ਸਤਿਗੁਰੂ ਨਾਨਕ

**ਪ੍ਰੋਫ਼ੈਸਰ ਮਨਿੰਦਰ ਸਿੰਘ, ਐਡਮਿੰਟਨ (ਕੈਨੇਡਾ)**

ਧਰਮ ਦਾ ਆਦਰਸ਼ ਕਿਸੇ ਇਕ ਸ਼੍ਰੇਣੀ ਦਾ ਸੁਧਾਰ ਕਰਨਾ ਨਹੀਂ ਹੁੰਦਾ, ਸਗੋਂ ਸਭਨਾ ਲਈ ਸਾਂਝਾ ਤੇ ਇਕੋ ਜਿਹਾ ਲਾਭਵੰਦ ਹੁੰਦਾ ਹੈ। ਕਿਸੇ ਵੀ ਧਰਮ ਦੀ ਨਿਰਪੱਖਤਾ ਦਾ ਨਿਰਣਾ ਕਰਨ ਲਈ ਇਹ ਵੇਖਣਾ ਚਾਹੀਦਾ ਹੈ ਕਿ ਕੀ ਇਸ ਦੇ ਉਪਦੇਸ਼ ਸਾਰੀ ਮਾਨਵਤਾ ਲਈ ਸਾਂਝੇ ਹਨ ਜਾਂ ਸਿਰਫ ਕੁਝ ਕੁ ਲੋਕਾਂ ਲਈ ਸੀਮਤ ਹਨ। ਏਸ਼ੀਆ ਦੇ ਪੁਰਾਤਨ ਧਰਮਾਂ ਵਿਚ ਕਿਤੇ ਇਹ ਖ਼ੂਬੀ ਨਹੀਂ ਦਿਸਦੀ। ਇਸਲਾਮ ਮਤਿ ਅਰਬ ਵਿੱਚੋਂ ਸ਼ੁਰੂ ਹੋ ਕੇ ਇਰਾਕ, ਈਰਾਨ, ਸ਼ਾਮ, ਦਮਿਸ਼ਕ, ਸੀਰੀਆ, ਮਿਸਰ, ਅਫ਼ਗਾਨਿਸਤਾਨ ਤੇ ਹਿੰਦੁਸਤਾਨ ਵਿਚ ਫੈਲਿਆ, ਪਰ ਇਸ ਦੇ ਕਈ ਅਸੂਲ ਐਸੇ ਕਰੜੇ ਹਨ, ਜਿਨ੍ਹਾਂ ਸਦਕਾ ਇਹ ਹਰਮਨ-ਪਿਆਰਾ ਨਹੀਂ ਹੋ ਸਕਿਆ।

ਸੋਲ੍ਹਵੀਂ ਸਦੀ ਦੇ ਅਰੰਭ ਵਿਚ, ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਕਾਸ਼ ਧਾਰਿਆ ਤਾਂ ਦੇਸ਼ ਦੇ ਹਾਕਮਾਂ ਦਾ ਰਵੱਈਆ ਬੜਾ ਖ਼ਤਰਨਾਕ ਸੀ। ਮੁਸਲਮਾਨ ਹਾਕਮ ਪਰਜਾ ਨਾਲ ਅਨਿਆਇ ਕਰਦੇ ਸਨ। ਇਹ ਮੁਸਲਮਾਨਾਂ ਤੋਂ ਬਿਨਾ ਹੋਰ ਕਿਸੇ ਨੂੰ ਪਸੰਦ ਨਹੀਂ ਕਰਦੇ ਸਨ। ਜਦੋਂ ਵੀ ਇਨ੍ਹਾਂ ਹਿੰਦੁਸਤਾਨ ਉੱਪਰ ਧਾਵਾ ਬੋਲਿਆ ਤਾਂ ਇਨ੍ਹਾਂ ਦਾ ਮਤਲਬ ਲੁੱਟਮਾਰ ਕਰਨਾ ਤੇ ਲੋਕਾਂ ਨੂੰ ਡਰਾ-ਧਮਕਾ ਕੇ ਇਸਲਾਮ ਦੇ ਪੈਰੋਕਾਰ ਬਣਾਉਣਾ ਹੁੰਦਾ ਸੀ। ਇਸਤਰ੍ਹਾਂ ਇਸਲਾਮ ਮਤ ਦਾ ਵਾਧਾ ਜ਼ੋਰ-ਜ਼ਬਰ ਨਾਲ ਹੋਇਆ। ਮਹਿਮੂਦ ਗਜ਼ਨਵੀ, ਮੁਹੰਮਦ ਗੌਰੀ, ਬਾਬਰ, ਹੁਮਾਯੂੰ, ਚੰਗੇਜ਼ ਖਾਨ ਤੇ ਔਰੰਗਜ਼ੇਬ ਅਤੇ ਹੋਰ ਕਈ ਹਾਕਮ ਸੁਆਬ ਸਮਝਦੇ ਸਨ ਕਿ ਇਸਲਾਮ ਦੇ ਮੁਦੱਈਆਂ ਦੀ ਗਿਣਤੀ ਵਿਚ ਵਾਧਾ ਕੀਤਾ ਜਾਵੇ। ਹਿੰਦੂ ਮਤਿ ਨੂੰ ਵੀ ਸਰਬ-ਸਾਂਝਾ ਧਰਮ ਨਹੀਂ ਕਿਹਾ ਜਾ ਸਕਦਾ। ਪੁਰਾਣੇ ਬ੍ਰਾਹਮਣਾਂ ਨੇ ਅਖੌਤੀ ਨੀਚ ਜਾਤੀ ਦੇ ਸ਼ੂਦਰਾਂ ਲਈ ਵੇਦਾਂ ਦਾ ਪੜ੍ਹਨਾ ਜਾਂ ਸੁਣਨਾ ਬੰਦ ਮਨਾ ਸੀ। ਉਨ੍ਹਾਂ ਬ੍ਰਾਹਮਣਾਂ ਨੂੰ ਆਪਣੀ ਉੱਚੀ ਕੁਲ ਦਾ ਅਭਿਮਾਨ ਸੀ। ਇਸੇ ਲਈ ਉਨ੍ਹਾਂ ਨੇ ਇਹ ਸਜ਼ਾ ਮੁਕੱਰਰ ਕਰ ਦਿੱਤੀ ਕਿ ਜਿਹੜਾ ਕੋਈ ਸ਼ੂਦਰ ਵੇਦਾਂ ਦੇ ਮੰਤਰਾਂ ਨੂੰ ਸੁਣੇਗਾ, ਉਸ ਦੇ ਕੰਨਾਂ ਵਿਚ ਸਿੱਕਾ ਢਾਲ ਕੇ ਪਾਇਆ ਜਾਵੇਗਾ। ਇਸ ਤਰ੍ਹਾਂ ਦੀਆਂ ਸਜ਼ਾਵਾਂ ਕਈਆਂ ਨੂੰ ਦਿੱਤੀਆਂ ਗਈਆਂ। ਅਖੌਤੀ ਨੀਚ ਲੋਕਾਂ ਨੂੰ ਬਹੁਤ ਜ਼ਿਆਦਾ ਘ੍ਰਿਣਾ ਕੀਤੀ ਜਾਂਦੀ ਸੀ। ਇਨ੍ਹਾਂ ਨੂੰ ਮੰਦਰਾਂ ਵਿਚ ਦਾਖ਼ਲ ਹੋਣ ਦੀ ਆਗਿਆ ਨਹੀਂ ਸੀ।

1934-35 ਵਿਚ ਮਦਰਾਸ ਤੋਂ ਦੱਖਣੀ ਹਿੰਦ ਦੇ ਕਈ ਹੋਰ ਸ਼ਹਿਰਾਂ ਵਿਚ ਛੂਤ-ਛਾਤ ਦਾ ਇਤਨਾ ਜ਼ੋਰ ਸੀ ਕਿ ਕਈ ਸੜਕਾਂ ਉੱਪਰ ਨੀਵੀਂ ਸ਼੍ਰੇਣੀ ਦੇ ਲੋਕਾਂ ਨੂੰ ਤੁਰਨ ਦੀ ਆਗਿਆ ਨਹੀਂ ਸੀ। ਉੱਥੇ ਸਾਈਨ ਬੋਰਡ ਲੱਗੇ ਹੋਏ ਹੁੰਦੇ ਸਨ ਕਿ "ਇਸ ਸੜਕ ਉੱਪਰ ਕਿਸੇ ਅਛੂਤ ਨੂੰ ਤੁਰਨ ਦੀ ਇਜਾਜ਼ਤ ਨਹੀਂ।" ਜੇ ਭੁਲ-ਭੁਲੇਖੇ ਕੋਈ ਬਦਕਿਸਮਤ ਅਛੂਤ ਅਜੇਹੀ ਸੜਕ ਉੱਪਰ ਆ ਜਾਂਦਾ ਤਾਂ ਉਸ ਦੀ ਮਾਰਕੁਟਾਈ ਕੀਤੀ ਜਾਂਦੀ, ਉਸ ਨੂੰ ਬੁਰੀ ਤਰ੍ਹਾਂ ਦੁਰਕਾਰਿਆ ਜਾਂਦਾ ਤੇ ਜਿਹੜਾ ਕੋਈ ਉਸ ਦੇ ਕੋਲੋਂ ਦੀ ਲੰਘਦਾ, ਉਹ ਆਪਣੇ ਆਪ ਨੂੰ ਭ੍ਰਿਸ਼ਟ ਹੋਇਆ ਸਮਝ ਕੇ ਗੰਗਾ ਜਲ ਨਾਲ ਇਸ਼ਨਾਨ ਕਰਦਾ ਤੇ ਨਾਲੇ ਆਪਣਿਆਂ ਕੱਪੜਿਆਂ ਨੂੰ ਧੋਂਦਾ। ਇੱਕੀਵੀ ਸਦੀ ਦੇ ਇਸ ਵਿਗਿਆਨਕ ਯੁਗ ਵਿਚ ਵੀ ਅਜਿਹੀਆਂ ਖਬਰਾਂ ਭਾਰਤ ਤੋਂ ਹੁਣ ਵੀ ਕਦੇ ਕਦੇ ਪੜ੍ਹਨ ਸੁਣਨ ਵਿਚ ਆਉਂਦੀਆਂ ਹਨ । ਕੀ ਇਹ ਜ਼ਾਤੀ ਅਭਿਮਾਨ ਦਾ ਇਕ ਅਤਿਅੰਤ ਨਿੰਦਨੀਯ ਸਿੱਟਾ ਨਹੀਂ?

ਸ੍ਰੀ ਗੁਰੂ ਨਾਨਕ ਦੇਵ ਜੀ ਸਾਰੇ ਏਸ਼ੀਆ ਵਿਚ ਹੀ ਨਹੀਂ, ਸਗੋਂ ਸਾਰੀ ਦੁਨੀਆਂ ਦੇ ਪਹਿਲੇ ਅਵਤਾਰ ਹੋਏ ਹਨ, ਜਿਨ੍ਹਾਂ ਨੂੰ ਸਹੀ ਅਰਥਾਂ ਵਿਚ ਸਾਰੀ ਮਨੁੱਖਤਾ ਦੇ ਸਾਂਝੇ ਗੁਰੂ ਆਖਿਆ ਜਾ ਸਕਦਾ ਹੈ।

ਆਪ ਜੀ ਨੇ ਕੰਨਿਆ ਕੁਮਾਰੀ ਤੋਂ ਲੈ ਕੇ ਕਸ਼ਮੀਰ ਤਕ, ਆਸਾਮ ਤੇ ਬੰਗਾਲ ਤੋਂ ਲੈ ਕੇ ਸਿੰਧ ਤਕ ਤੇ ਲੰਕਾ, ਅਰਬ, ਇਰਾਨ ਇਰਾਕ, ਅਫ਼ਗਾਨਿਸਤਾਨ ਤੇ ਹੋਰ ਕਈ ਦੂਰ-ਦੁਰੇਡੇ ਦੇਸ਼ਾਂ ਵਿਚ ਘੁੰਮ ਫ਼ਿਰਕੇ ਸਾਂਝੀਵਾਲਤਾ ਦਾ ਪ੍ਰਚਾਰ ਕੀਤਾ। ਆਪ ਜੀ ਦਾ ਉਪਦੇਸ਼ ਸਭਨਾਂ ਲਈ ਸਾਂਝਾ ਸੀ। ਜ਼ਾਤੀ ਭਿੰਨ-ਭੇਤ ਦਾ ਕੋਈ ਸੁਆਲ ਹੀ ਨਹੀਂ ਸੀ।

ਊਚ ਨੀਚ, ਗਰੀਬ-ਅਮੀਰ, ਠੱਗ-ਚੋਰ, ਹਿੰਦੂ ਜਾਂ ਮੁਸਲਮਾਨ ਜੋ ਕਈ ਵੀ ਸੀ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਭਨਾਂ ਨੂੰ ਇੱਕੋ ਰਬ ਹੋਣ ਦਾ ਉਪਦੇਸ਼ ਦਿੱਤਾ। ਆਪ ਜੀ ਨੇ ਅਕਾਲ ਪੁਰਖ ਦੇ ਗੁਣਾਂ ਨੂੰ ਵਰਣਨ ਕੀਤਾ। ਆਪ ਜੀ ਨੇ ਸੱਚੀ-ਸੁੱਚੀ ਕਿਰਤ ਕਮਾਈ ਕਰਨ ਦੀ ਪ੍ਰੇਰਨਾ ਕੀਤੀ। ਨਿਰੰਕਾਰੀ ਗੁਰੂ ਛੂਤ-ਛਾਤ ਦੇ ਸਖ਼ਤ ਵਿਰੋਧੀ ਸਨ।ਉੱਚਾ ਉਹੀ ਹੈ ਜਿਸ ਦੇ ਜੀਵਨ ਦੇ ਕਾਰਨਾਮੇ ਉੱਚੇ ਹਨ। ਉੱਚੀ ਜ਼ਾਤੀ ਵਿਚ ਪੈਦਾ ਹੋਣਾ, ਇਸ ਗੱਲ ਦੀ ਹਰਗਿਜ਼ ਗਰੰਟੀ ਨਹੀਂ ਕਿ ਉਹ ਜ਼ਰੂਰ ਹੀ ਉੱਚਾ ਹੋਏਗਾ। ਸਗੋਂ ਉੱਚੀਆਂ ਕੁਲਾਂ ਵਿਚ ਕਈ ਵੇਰੀ ਨੀਚ ਤੇ ਭ੍ਰਿਸ਼ਟੇ ਹੋਏ ਲੋਕ ਪੈਦਾ ਹੁੰਦੇ ਹਨ।

ਸ੍ਰੀ ਗੁਰੂ ਨਾਨਕ ਦਵੇ ਜੀ ਸਰਬ-ਸਾਂਝੀਵਾਲਤਾ ਦੇ ਪ੍ਰਚਾਰਕ ਸਨ। ਜਦੋਂ ਸ੍ਰੀ ਹਜੂਰ ਜੀ ਦੇਸ਼ਾਂ-ਦੇਸ਼ਾਂਤਰਾਂ ਦੇ ਰਟਨ ਲਈ ਤੇ ਇਸ ਸੜਦੇ-ਬਲਦੇ ਸੰਸਾਰ ਨੂੰ ਤਾਰਨ ਲਈ ਘਰੋਂ ਬਾਹਰ ਨਿਕਲੇ ਸਨ, ਤਾਂ ਭਾਈ ਮਰਦਾਨਾ ਜੀ ਨੂੰ ਆਪਣਾ ਸਾਥੀ ਬਣਾਇਆ ਸੀ। ਭਾਈ ਮਰਦਾਨਾ ਜੀ ਮੁਸਲਮਾਨ ਸਨ ਤੇ ਰਬਾਬ ਦੀਆਂ ਤਰਬਾਂ ਨੂੰ ਛੇੜ ਕੇ ਇਲਾਹੀ ਰਾਗ ਪੈਦਾ ਕਰਦੇ ਸਨ। ਗੁਰੂ ਜੀ ਜਿੱਥੇ-ਜਿੱਥੇ ਵੀ ਗਏ, ਸਭਨਾਂ ਲਈ ਸਾਂਝਾ ਉਪਦਸ਼ੇ ਦਿੱਤਾ। ਦੁਨੀਆ ਦੇ ਸਭ ਤੋਂ ਪਹਿਲੇ ਪੈਗ਼ੰਬਰ ਸ੍ਰੀ ਗੁਰੂ ਨਾਨਕ ਦੇਵ ਜੀ ਹੀ ਹਨ ਜਿਨ੍ਹਾਂ ਨੇ ਛੂਤ-ਛਾਤ ਦੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾਈ। ਗੁਰਬਾਣੀ ਦਾ ਫੁਰਮਾਨ ਹੈ:-

ਏਕ ਨੂਰ ਤੇ ਸਭੁ ਜਗੁ ਉਪਜਿਆ
ਕਉਨ ਭਲੇ ਕੋ ਮੰਦੇ ॥

ਸ੍ਰਿਸ਼ਟੀ ਦੀ ਸਾਜਨਾ ਇਕੋ ਅਕਾਲ ਪੁਰਖ ਨੇ ਕੀਤੀ ਹੈ। ਉਸ ਨੇ ਸਭਨਾਂ ਨੂੰ ਇੱਕੋ ਜਿੰਨੇ ਸਰੀਰਕ ਅੰਗ ਦਿੱਤੇ ਹਨ। ਇਸ ਲਈ ਸਭਨਾਂ ਦੀ ਸਾਂਝ ਬਰਾਬਰ ਹੈ। ਸਿੱਖਾਂ ਦੇ ਮਹਾਨ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ ਦੀਆਂ ਚਾਰਾਂ ਸਿਮਤਾਂ (ਦਿਸ਼ਾਵਾਂ) ਵਿਚ ਚਾਰ ਦਰਵਾਜ਼ੇ ਹਨ, ਜਿਸ ਦਾ ਮਤਲਬ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਦਰਬਾਰ ਵਿਚ ਹਰ ਕਿਸੇ ਨੂੰ ਆਉਣ-ਜਾਣ ਦੀ ਆਗਿਆ ਹੈ। ਕਿਸੇ ਪਾਸੇ ਕੋਈ ਮਨਾਹੀ ਨਹੀਂ, ਕੋਈ ਬੰਦਿਸ਼ ਨਹੀਂ। ਇਸ ਨਿਰੰਕਾਰੀ ਦਰਬਾਰ ਵਿਚ ਜੋ ਆਵੇਗਾ, ਉਹ ਜ਼ਰੂਰ ਬਖ਼ਸ਼ਿਆ ਜਾਵੇਗਾ ਪਰ ਸ਼ਰਤ ਇਕ ਹੈ ਕਿ ਆਪਣੇ ਮਨ ਵਿਚ ਨਿਮਰਤਾ ਤੇ ਹਲੀਮੀ ਪੈਦਾ ਕਰ ਕੇ, ਆਪਣਾ ਸਭ ਕੁਝ ਗੁਰੂ ਨੂੰ ਸੌਂਪ ਦੇਵੋ।

ਗੁਰਸਿੱਖ ਨੂੰ ਹਰ ਵੇਲੇ ਯਾਦ ਰੱਖਣਾ ਚਾਹੀਦਾ ਹੈ ਕਿ ਉਹ ਸਭਨਾਂ ਦੇ ਸਾਂਝੇ ਸਤਿਗੁਰੂ ਨਾਨਕ ਦੇਵ ਦਾ ਸਿੱਖ ਹੈ। ਇੱਥੇ ਜ਼ਾਤ-ਪਾਤ ਦੀ ਕੋਈ ਤਮੀਜ਼ ਨਹੀਂ। ਹਿੰਦੂ, ਸਿੱਖ, ਮੁਸਲਮਾਨ, ਈਸਾਈ, ਪਾਰਸੀ ਜਾਂ ਯਹੂਦੀ ਜੋ ਕੋਈ ਵੀ ਹੋਵੇ, ਗੁਰਸਿੱਖ ਨੇ ਹਰ ਹਰ ਇਕ ਨੂੰ ਉਸ ਅਕਾਲ ਪੁਰਖ ਦੀ ਕ੍ਰਿਤ ਸਮਝਣਾ ਕੇ ਪਿਆਰ ਕਰਨਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਜ਼੍ਹਬੀ ਝਗੜਿਆਂ ਨੂੰ ਸਦਾ ਲਈ ਖ਼ਤਮ ਕਰ ਦਿੱਤਾ ਸੀ। ਇਹੀ ਸਬੱਬ ਹੈ ਕਿ ਕੀ ਹਿੰਦੂ ਤੇ ਕੀ ਮੁਸਲਮਾਨ, ਸਭ ਗੁਰੂ ਜੀ ਦੇ ਉਪਾਸਕ ਸਨ। ਜਦ ਸ੍ਰੀ ਗੁਰੂ ਨਾਨਕ ਦੇਵ ਜੀ ਜੋਤੀ-ਜੋਤ ਸਮਾਏ ਤਾਂ ਮੁਸਲਮਾਨ ਕਹਿ ਰਹੇ ਸਨ ਕਿ 'ਇਹ ਸਾਡਾ ਪੀਰ ਹੈ', ਹਿੰਦੂ ਕਹਿੰਦੇ ਸਨ ਕਿ 'ਇਹ ਸਾਡਾ ਗੁਰੂ ਹੈ।' ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿੱਖੀ ਨਾਲ ਪਿਆਰ ਹੈ ਤਾਂ ਆਓ! ਸਾਰੇ ਸਿੱਖ ਇਕ ਥਾਂ ਇਕੱਠੇ ਬੈਠੀਏ ਦਿਲਾਂ ਦੀ ਸਾਂਝ ਕਰਕੇ, ਗੁਰੂ ਦੇ ਸਾਂਝੇ ਉਪਦੇਸ਼ਾਂ ਨੂੰ ਇਕ ਕਰ ਵਿਖਾਈਏ ਤੇ ਇਕ ਅਵਾਜ਼ ਨਾਲ ਕਹੀਏ:— ਸਭੇ ਸਾਝੀਵਾਲ ਸਦਾਇਨਿ

ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥

## ਗੁਰੂ ਨਾਨਕ ਜੀ ਦੀ ਨਿਆਰਾ ਇਨਕਲਾਬ: ਭਾਗ 6 – ਪ੍ਰਚਲਤ ਬੁਰਾਈਆਂ ਦਾ ਖੰਡਨ

ਡਾ. ਕਾਬਲ ਸਿੰਘ, ਡਾ. ਬਲਦੇਵ ਸਿੰਘ, ਐਡਮਿੰਟਨ (ਕੈਨੇਡਾ)

(ਲੜੀ ਜੋੜਨ ਲਈ ਪਿਛਲੇ ਅੰਕ ਪੜ੍ਹੋ ਜੀ)

ਗੁਰੂ ਨਾਨਕ ਜੀ ਨੇ ਪਰਿਵਾਰ, ਸਮਾਜ, ਰਾਜ, ਕਾਨੂੰਨ ਦੀ ਪਰਵਾਹ ਕੀਤੇ ਬਗੈਰ ਪ੍ਰਚਲਿਤ ਗਲਤ ਕਦਰਾਂ ਕੀਮਤਾਂ, ਰਸਮਾਂ, ਮਨੌਤਾਂ, ਵਿਸ਼ਵਾਸ਼ਾਂ ਨੂੰ ਦ੍ਰਿੜਤਾ ਤੇ ਨਿਡਰਤਾ ਨਾਲ ਵੰਗਾਰਿਆ। ਹੱਕ ਸੱਚ ਦੀਆਂ ਵਿਗਿਆਨਕ ਦਲੀਲਾਂ ਨਾਲ ਆਮ ਲੋਕਾਂ ਨੂੰ ਲਾਮਬੰਦ ਕਰਕੇ ਉਨ੍ਹਾਂ ਇੱਕ ਨਿਰਾਲੇ ਸਮਾਜਿਕ ਇਨਕਲਾਬ ਦਾ ਮੁੱਢ ਬੰਨਿਆਂ।
ਕੁਝ ਉਦਾਹਰਣਾਂ:



### ਊਚ ਨੀਚ ਤੇ ਜਾਤ ਪਾਤ ਦਾ ਖੰਡਨ

ਮਨੂੰਵਾਦੀ ਵਰਣ-ਵੰਡ ਨੇ ਸਮਕਾਲੀ ਸਮਾਜ ਨੂੰ ਜਾਤ-ਪਾਤ, ਊਚ-ਨੀਚ, ਅਮੀਰ-ਗਰੀਬ, ਤਕੜੇ-ਕਮਜ਼ੋਰ ਵਰਗਾਂ ਵਿੱਚ ਬੁਰੀ ਤਰ੍ਹਾਂ ਵੰਡ ਰੱਖਿਆ ਸੀ। ਇਸ ਦੇ ਵਿਰੁੱਧ ਗੁਰੂ ਜੀ ਵਲੋਂ ਪੁਰਜ਼ੋਰ ਅਵਾਜ਼ ਉਠਾਉਣ ਦੀਆਂ ਕੁਝ ਉਦਾਹਰਣਾਂ:

- ਗੁਰੂ ਜੀ ਆਪ ਉੱਚੀ ਸਮਝੀ ਜਾਂਦੀ ਖ਼ਤਰੀ ਜਾਤ ਵਿਚੋਂ ਸਨ, ਪਰ ਉਨ੍ਹਾਂ ਆਪਣੇ ਮਿਸ਼ਨ ਲਈ ਮਰਾਸੀ (ਅਖੌਤੀ ਸ਼ੂਦਰ) ਜਾਤ ਦੇ ਭਾਈ ਮਰਦਾਨਾ ਜੀ ਨੂੰ ਸਾਥੀ ਬਣਾਇਆ।
- ਆਪ ਨੇ ਗਰੀਬ ਕਿਰਤੀ ਭਾਈ ਲਾਲੋ ਦੇ ਘਰ ਠਹਿਰਕੇ ਸਧਾਰਨ ਖਾਣਾ ਪ੍ਰਵਾਨ ਕੀਤਾ, ਪਰ ਗਰੀਬਾਂ ਦਾ ਸ਼ੋਸ਼ਨ ਕਰਨ ਵਾਲੇ ਸ਼ਾਹੂਕਾਰ
- ਮਲਕ ਭਾਗੋ ਦੇ ਸ਼ਾਹੀ ਭੋਜ ਨੂੰ ਠੁਕਰਾ ਦਿੱਤਾ। ਕਿਹਾ–

  ***ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥*** (ਸਲੋਕ ਮਹਲਾ 1, ਅੰਗ 140)

ਗੁਰੂ ਜੀ ਨੇ ਜਾਤ-ਪਾਤ, ਊਚ-ਨੀਚ, ਭੂਗੋਲਕ ਖਿੱਤੇ, ਭਾਸ਼ਾਵਾਂ ਤੇ ਦੁਨਿਆਵੀ ਧਰਮਾਂ ਦੇ ਬੰਧਨਾਂ ਨੂੰ ਤੋੜਦਿਆਂ ਨਿਰੋਲ ਗੁਰਬਾਣੀ ਦੀ ਕਸਵੱਟੀ ਤੇ ਪੂਰੀ ਉਤਰਦੀ ਅਨੇਕਾਂ ਭਗਤਾਂ ਤੇ ਸੰਤਾਂ ਦੀ ਬਾਣੀ ਨੂੰ ਉੱਚ-ਸਨਮਾਨ ਦਿੱਤਾ। ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਲ ਇਹ ਬਾਣੀ ਸ਼ਰਧਾਲੂਆਂ ਲਈ ਸਿੱਖ ਗੁਰੂਆਂ ਦੀ ਬਾਣੀ ਦੇ ਬਰਾਬਰ ਸਤਿਕਾਰਯੋਗ ਤੇ ਪਵਿੱਤਰ ਹੈ। ਧਰਮਾਂ ਦੇ ਇਤਿਹਾਸ ਵਿੱਚ ਇਹ ਇੱਕ ਵਿਲਖਣ ਪਿਰਤ ਹੈ। ਗੁਰਬਾਣੀ ਵਿਚੋਂ ਕੁਝ ਉਦਾਹਰਣਾਂ:

***ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥*** (ਅੰਗ 15)
***ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥*** (ਅੰਗ 97)
***ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥*** (ਅੰਗ 349)
***ਜਾਤਿ ਕ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥*** (ਅੰਗ 1127)
***ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥*** (ਅੰਗ 1299)

***ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥ '*** (ਅੰਗ 1349)

### ***ਜੀਵ ਤੇ ਈਸ਼ਵਰ ਵਿੱਚ ਕਿਸੇ ਹੋਰ ਹਸਤੀ, ਜਾਂ ਮੁਕਤੀ ਲਈ ਕਰਮਕਾਂਡ ਕਰਨ, ਦੀ ਲੋੜ ਦਾ ਖੰਡਨ***

ਬਹੁਤੇ ਸਮਕਾਲੀ ਧਰਮ ਰੱਬ ਤਕ ਪਹੁੰਚਣ ਲਈ ਕਿਸੇ ਹੋਰ ਜੀਵਤ ਹਸਤੀ (ਦੇਵੀ ਦੇਵਤਾ, ਪੀਰ ਫਕੀਰ, ਪੈਗੰਬਰ, ਅਵਤਾਰ, ਬ੍ਰਾਹਮਣ, ਸ਼ੇਖ, ਮੁਨੀ, ਪਾਦਰੀ, ਪ੍ਰਚਾਰਕ, ਆਦਿ), ਜਾਂ ਨਿਰਜੀਵ ਵਸਤੂ (ਪਵਿੱਤਰ ਮੰਨੀ ਜਾਂਦੀ ਕੋਈ ਇਮਾਰਤ, ਮੜ੍ਹੀ ਮਜ਼ਾਰ, ਪੱਥਰ, ਬੁੱਤ, ਮੂਰਤੀ, ਪਾਣੀ, ਅੱਗ, ਆਦਿ) ਦੀ ਲੋੜ ਮੰਨਦੇ ਸਨ। ਇਸੇ ਤਰ੍ਹਾਂ ਰੱਬ-ਮਿਲਾਪ ਅਤੇ ਪਾਪਾਂ ਤੇ ਆਵਾਗਵਨ ਤੋਂ ਮੁਕਤੀ ਲਈ ਤੀਰਥਾਂ ਦੇ ਦਰਸ਼ਨ-ਇਸ਼ਨਾਨ; ਦਾਨ-ਪੁੰਨ, ਹਵਨ ਤੇ ਯਗ; ਗ੍ਰਿਹਸਤ ਤੇ ਘਰ-ਬਾਰ ਤਿਆਗ ਕੇ ਜੰਗਲਾਂ ਪਹਾੜਾਂ ਵਿੱਚ ਯੋਗ-ਤਪੱਸਿਆ ਕਰਨਾ; ਕਈ ਤਰ੍ਹਾਂ ਦੀ ਪੂਜਾ ਕਰਨੀ ਕਰਾਉਣੀ, ਵਰਤ ਰੱਖਣੇ, ਸਰਾਧ ਕਰਨੇ; ਖਾਸ ਤਰ੍ਹਾਂ ਦੇ ਵਸਤਰ ਪਹਿਨਣੇ, ਆਸਣ ਕਰਨੇ, ਸਾਂਗ ਰਚਾਉਣੇ; ਕਿਸੇ ਖਾਸ ਦਿਸ਼ਾ ਵਲ ਮੂੰਹ ਕਰਕੇ ਦਯਾ ਯਾਚਨਾ ਕਰਨਾ, ਅਤੇ ਅਨੇਕਾਂ ਹੋਰ ਪਖੰਡ ਕਰਨੇ ਜ਼ਰੂਰੀ ਦੱਸੇ ਜਾਂਦੇ ਸਨ।

ਗੁਰੂ ਜੀ ਨੇ ਇੱਕ-ਈਸ਼ਵਰਵਾਦ ਦੇ ਸੰਕਲਪ ਦਾ ਨਾਦ ਵਜਾਇਆ। ਕਿਹਾ ਕਿ ਸਰਬ-ਸ਼ਕਤੀਮਾਨ ਰੱਬ ਤਾਂ ਹਰ ਜੀਵ-ਹਿਰਦੇ, ਹਰ ਥਾਂ, ਹਰ ਦਿਸ਼ਾ ਵਿੱਚ ਨਿਰੰਤਰ ਵਿੱਚਰ ਰਿਹਾ ਹੈ, ਤੇ ਸਾਰੀ ਸ੍ਰਿਸ਼ਟੀ ਦਾ ਪਾਲਨਹਾਰ ਹੈ।

***ਸਰਬ ਜੋਤਿ ਤੇਰੀ ਪਸਰਿ ਰਹੀ॥***
***ਜਹ ਜਹ ਦੇਖਾ ਤਹ ਨਰਹਰੀ॥*** (ਅੰਗ 876)

ਗੁਰੂ ਜੀ ਨੇ ਮਨੁੱਖ ਤੇ ਪ੍ਰਮਾਤਮਾ ਵਿਚਕਾਰ ਗੁਰਮਤਿ ਗਿਆਨ ਤੋਂ ਬਿਨਾਂ ਕਿਸੇ ਵੀ ਇਨਸਾਨੀ ਹਸਤੀ ਜਾਂ ਨਿਰਜੀਵ ਵਸਤੂ ਨੂੰ ਦਵੈਤ ਭਾਵ, ਭਰਮ ਭੁਲੇਖੇ ਪਾਉਣ ਵਾਲਾ ਅਤੇ ਬੇਲੋੜਾ ਦੱਸਿਆ।

***ਮਨ ਮੇਰੇ ਨਾਮਿ ਰਤੇ ਸੁਖੁ ਹੋਇ॥ ਗੁਰਮਤੀ ਨਾਮੁ ਸਲਾਹੀਐ ਦੂਜਾ ਅਵਰੁ ਨ ਕੋਇ॥*** (ਅੰਗ 38)

ਉਨ੍ਹਾਂ ਹਰ ਤਰ੍ਹਾਂ ਦੇ ਕਰਮਕਾਂਡ, ਦੰਭ, ਪਖੰਡ ਅਤੇ ਵਖਾਵੇ ਤੋਂ ਦੂਰ ਰਹਿਕੇ ਸੱਚ ਤੇ ਨੇਕੀ ਦੇ ਮਾਰਗ ਤੇ ਚਲਣ ਦੀ ਤਾਕੀਦ ਕੀਤੀ। ਭੇਖੀਆਂ ਦਾ ਜ਼ਿਕਰ ਕਰਦੇ ਕਹਿੰਦੇ ਹਨ-

***ਕਲ ਮਹਿ ਰਾਮ ਨਾਮ ਸਾਰੁ॥ ਅਖੀ ਤ ਮੀਟਹਿ ਨਾਕ ਪਕੜਹਿ ਠਗਣ ਕਉ ਸੰਸਾਰ॥*** (ਅੰਗ 662)

***ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਾਹਮਣ ਨਾਵੈ ਜੀਆ ਘਾਇ॥ ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥*** (ਅੰਗ 662)

***ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥ ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮੁਖਿ ਲਹੈ॥*** (ਅੰਗ 1127)

### ਅਖੌਤੀ ਧਾਰਮਿਕ ਕੰਮਾਂ ਲਈ ਭੇਟਾ ਲੈਣ ਦੀ ਨਿਖੇਧੀ

ਗੁਰੂ ਜੀ ਵੇਲੇ ਪੁਜਾਰੀ ਸ਼੍ਰੇਣੀ ਦੇ ਲੋਕ ਭੋਲੀ ਭਾਲੀ ਜਨਤਾ ਨੂੰ ਪਾਪ, ਨਰਕ, ਜਮਦੂਤ, ਮਾੜੀਆਂ ਜੂੰਨਾਂ, ਕੰਮ ਕਾਜ ਵਿੱਚ ਨੁਕਸਾਨ, ਭਿਆਨਕ ਬਿਮਾਰੀ, ਆਦਿ ਦੇ ਡਰਾਵੇ ਦੇ ਕੇ, ਜਾਂ ਧਨ ਦੌਲਤ, ਔਲਾਦ ਪ੍ਰਾਪਤੀ, ਪਿੱਤਰਾਂ ਦੀ ਸ਼ਾਂਤੀ, ਆਦਿ ਦਾ ਲਾਲਚ ਦੇ ਕੇ ਫਜ਼ੂਲ ਕਰਮਕਾਂਡੀ ਰਸਮਾਂ (ਪੂਜਾ ਪਾਠ, ਵਰਤ, ਯੱਗ, ਹਵਨ, ਦਾਨ ਪੁੰਨ, ਸਰਾਧ, ਆਦਿ) ਵਿੱਚ ਫਸਾਉਂਦੇ ਸਨ, ਅਤੇ ਉਨ੍ਹਾਂ ਦਾ ਰੱਜ ਕੇ ਆਰਥਿਕ ਸ਼ੋਸਨ ਕਰਦੇ ਸਨ।

ਗੁਰੂ ਜੀ ਨੇ ਪੁਜਾਰੀਆਂ ਵਲੋਂ ਸਵਾਰਥ ਤੇ ਲਾਲਚ-ਵਸ ਆਪੇ ਬਣਾਏ ਕਰਮ ਕਾਂਡਾਂ ਨੂੰ

ਫਜ਼ੂਲ ਦਸਦਿਆਂ ਇੱਕ ਅਕਾਲ ਪੁਰਖ ਉੱਤੇ ਵਿਸ਼ਵਾਸ ਰੱਖਣ ਦਾ ਉਪਦੇਸ਼ ਦਿੱਤਾ ਤੇ ਕਿਹਾ ਕਿ ਸਭ ਕੁਝ ਪ੍ਰਮਾਤਮਾ ਦੇ ਹੁਕਮ ਅਨੁਸਾਰ ਹੁੰਦਾ ਹੈ, ਅਤੇ ਉਹ ਹੀ ਬਖਸ਼ਨਹਾਰ ਤੇ ਦਾਤਾਂ ਦੇਣ ਵਾਲਾ ਹੈ। ਇਸ ਲਈ ਕਰਮਕਾਂਡਾਂ ਵਿੱਚ ਫਸਣ ਦੀ ਬਜਾਏ ਹਰੀ-ਕ੍ਰਿਪਾ ਲਈ ਅਰਦਾਸ ਕਰਨੀ ਅਤੇ ਆਪ ਮਿਹਨਤ ਕਰਨੀ ਜ਼ਰੂਰੀ ਹੈ। ਅਫਸੋਸ ਕਿ ਗੁਰੂ-ਸਿੱਖਿਆ ਦੇ ਉਲਟ ਹੁਣ ਸਿੱਖੀ ਵਿੱਚ ਵੀ ਅਜਿਹੇ ਕਰਮਕਾਂਡ ਘਰ ਕਰ ਗਏ ਹਨ, ਜੋ ਫਿਕਰ ਵਾਲੀ ਗੱਲ ਹੈ।

**ਪਹਿਰਾਵੇ, ਦਿੱਖ, ਤੇ ਜੀਵਨ ਵਿਚ ਵਖਰੇਵੇਂ ਦੀ ਮਨਾਹੀ**

ਗੁਰੂ ਜੀ ਵੇਲੇ ਬਹੁਤੇ ਧਰਮਾਂ ਦੇ ਆਗੂ, ਜਿਵੇਂ ਈਸਾਈ ਪਾਦਰੀ, ਬੋਧੀ ਭਿਕਸ਼ੂ, ਹਿੰਦੂ ਸਨਿਆਸੀ, ਬ੍ਰਾਹਮਣ ਜੋਗੀ, ਜੈਨੀ ਸਾਧੂ ਜਾਂ ਮੁਨੀ; ਮੁਸਲਮਾਨ ਪੀਰ, ਸ਼ੇਖ, ਮੁਲਾਨੇ, ਆਦਿ, ਹਉਮੈ-ਵਸ ਆਮ ਦੁਨੀਆਂਦਾਰਾਂ ਨਾਲੋਂ ਵੱਖਰੀ ਦਿੱਖ ਤੇ ਪਹਿਰਾਵੇ ਵਾਲੇ ਅਤੇ ਬਹੁਤੇ ਅਣਵਿਆਹੇ ਤੇ ਦੁਨੀਆਂਦਾਰੀ ਤੋਂ ਪਰ੍ਹੇ ਹੁੰਦੇ ਸਨ, ਤੇ ਬਹੁਤੇ ਅੱਜ ਵੀ ਹਨ। ਅਫਸੋਸ ਕਿ ਹੁਣ ਸਿੱਖਾਂ ਵਿੱਚ ਵੀ ਅਜਿਹੇ ਅਨੇਕਾਂ ਭੇਖਧਾਰੀ ਘੁਸਪੈਠ ਕਰ ਗਏ ਹਨ।

ਗੁਰੂ ਨਾਨਕ ਜੀ ਨੇ ਗ੍ਰਹਿਸਤ ਵਿੱਚ ਰਹਿ ਕੇ ਆਮ ਲੋਕਾਂ ਵਾਂਗ ਪਹਿਰਾਵਾ ਧਾਰਨ ਕੀਤਾ। ਹਾਂ, ਉਦਾਸੀਆਂ ਦੌਰਾਨ ਜਗ੍ਹਾ ਦੇ ਅਨੁਸਾਰ ਆਰਜ਼ੀ ਤੌਰ ਤੇ ਉਥੋਂ ਦਾ ਪਹਿਰਾਵਾ ਧਾਰਨ ਕਰ ਲੈਂਦੇ ਸਨ ਤਾਂਕਿ ਸਥਾਨਿਕ ਲੋਕ ਵਿਰੋਧ ਨਾ ਕਰਨ। ਉਨ੍ਹਾਂ ਤਸਬੀ ਜਾਂ ਮਾਲਾ ਫੇਰਨ, ਆਦਿ ਨੂੰ ਬੇਲੋੜਾ ਦੱਸਿਆ। ਨਤੀਜੇ ਵਜੋਂ ਸਿੱਖੀ ਵਿੱਚ ਦੁਨੀਆਂਦਾਰ ਜਾਂ ਧਰਮ ਪ੍ਰਚਾਰਕ, ਆਦਿ ਦੇ ਖਿਆਲ ਤੋਂ ਬਿਨਾਂ ਸਭਨਾਂ ਲਈ ਸਾਦੇ ਤੇ ਵਿਖਾਵਾ-ਰਹਿਤ ਪਹਿਰਾਵੇ ਦਾ ਗੁਰ-ਉਪਦੇਸ਼ ਹੈ।

**ਸਾਰਅੰਸ਼**

ਇਸ ਲੇਖ ਵਿੱਚ ਗੁਰੂ ਨਾਨਕ ਜੀ ਵਲੋਂ ਆਰੰਭੇ ਨਿਆਰੇ ਇਨਕਲਾਬ ਬਾਰੇ ਦੱਸਣ ਦੀ ਨਿਮਾਣੀ ਜਿਹੀ ਕੋਸ਼ਿਸ਼ ਕੀਤੀ ਹੈ। ਭਾਗ 1 ਵਿੱਚ ਗੁਰੂ ਜੀ ਵਲੋਂ ਅਪਣਾਏ ਕ੍ਰਾਂਤੀਕਾਰੀ ਢੰਗਾਂ ਦਾ ਵਰਨਣ ਹੈ। ਭਾਗ 2 ਇੱਕ-ਈਸ਼ਵਰਵਾਦ ਦੇ ਸੰਕਲਪ ਨੂੰ ਦ੍ਰਿੜ ਕਰਦਾ ਹੈ। ਭਾਗ 3 ਵਿੱਚ ਨਾਮ-ਸਾਧਨਾ ਬਾਰੇ ਵਿਚਾਰ ਹੈ। ਭਾਗ 4 ਵਿੱਚ ਗ੍ਰਹਿਸਥ ਜੀਵਨ ਦੀ ਸ੍ਰਵਉੱਚਤਾ ਅਤੇ ਇਸਤਰੀ-ਪੁਰਸ਼ ਦੀ ਬਰਾਬਰੀ ਦੇ ਸੰਦੇਸ਼ ਦਾ ਵਰਨਣ ਹੈ। ਭਾਗ 5 ਵਿੱਚ ਗੁਰੂ ਜੀ ਵਲੋਂ ਆਰੰਭੀਆਂ ਇਨਕਲਾਬੀ ਪ੍ਰਥਾਵਾਂ ਬਾਰੇ ਦੱਸਿਆ ਹੈ। ਭਾਗ 6 ਵਿੱਚ ਗੁਰੂ ਜੀ ਵਲੋਂ ਪ੍ਰਚਲਤ ਬੁਰਾਈਆਂ ਦੇ ਖੰਡਨ ਬਾਰੇ ਵਿਚਾਰ ਹਨ।

ਵਾਹਿਗੁਰੂ ਜੀ ਮਿਹਰ ਕਰਨ, ਅਸੀਂ ਗੁਰੂ ਜੀ ਦੁਆਰਾ ਦੱਸੀਆਂ ਇਨਕਲਾਬੀ ਵਿਧੀਆਂ ਨਾਲ ਜੀਵਨ ਗੁਜ਼ਾਰੀਏ ਅਤੇ ਸਮਾਜ ਵਿੱਚ ਵਿਚਰੀਏ। ਗਿਆਨ ਦਾ ਸਾਗਰ ਤੇ ਸਾਂਝੀਵਾਲਤਾ ਦਾ ਉਪਦੇਸ਼ ਦੇ ਰਿਹਾ ਜੁਗੋ-ਜੁਗ ਅਟੱਲ ਗੁਰੂ ਗ੍ਰੰਥ ਸਾਹਿਬ ਸਾਰੀ ਦੁਨੀਆਂ ਲਈ ਸਦੀਵੀ ਚਾਨਣ ਮੁਨਾਰਾ ਹੈ। ਗੁਰਬਾਣੀ ਤੋਂ ਸੇਧ ਲੈ ਕੇ ਗੁਰੂ ਜੀ ਦੇ ਸ਼ੁਰੂ ਕੀਤੇ ਇਸ ਨਿਰਾਲੇ ਇਨਕਲਾਬ ਵਿੱਚ ਅਸੀਂ ਆਪਣਾ ਯੋਗਦਾਨ ਪਾਈਏ, ਇਹੀ ਅਰਜ਼ੋਈ ਹੈ। *(ਕਿਸੇ ਵੀ ਗ਼ਲਤੀ ਲਈ ਮੁਆਫੀ ਦੇ ਜਾਚਕ ਹਾਂ ਜੀ)।***"ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ" ।**

**ਪੱਤਾ (ਕਵਿਤਾ)**

ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ, ਕੈਲਗਰੀ (ਕੈਨੇਡਾ)



ਨਿੱਕੀ ਜਿਹੀ ਕਰੂੰਬਲ ਵਿੱਚੋਂ, ਪੱਤਾ ਫੁੱਟ ਕੇ ਆਇਆ, ਕੁਦਰਤ ਰਾਣੀ ਪੱਖਾ ਝੱਲੇ, ਕੁਦਰਤ ਪਾਣੀ ਪਾਇਆ।

ਕੁਦਰਤ ਇਸ ਦੀ ਰਾਖੀ ਕਰਦੀ, ਕੁਦਰਤ ਗੋਦ ਖਿਡਾਇਆ, ਕੁਦਰਤ ਦੀ ਛਾਂ ਥੱਲੇ ਪਲ ਕੇ, ਭਰ ਜੋਬਨ ਤੇ ਆਇਆ।

ਹਰੇ ਭਰੇ ਪੱਤਿਆਂ ਨੂੰ ਤੱਕ ਕੇ, ਰੂਹ ਮੇਰੀ ਨਸ਼ਿਆਈ, ਅੰਦਰ ਗਰਮੀ ਝੱਲ ਨਾ ਹੋਵੇ, ਮੈਂ ਰੁੱਖ ਥੱਲੇ ਆਈ।

ਠੰਢੀ ਠੰਢੀ ਛਾਂ ਪਿਆ ਦੇਵੇ, ਠੰਢੀਆਂ ਵਗਣ ਹਵਾਵਾਂ, ਦਿੱਲ ਕਰੇ ਮੈਂ ਸਾਰੇ ਪੱਤਿਆਂ, ਘੁੱਟ ਕਲੇਜੇ ਲਾਵਾਂ।

ਗਈ ਬਹਾਰ ਤੇ ਆਈ ਪੱਤਝੜ, ਪੱਤੇ ਰੰਗ ਵਟਾਇਆ, ਮੇਰੇ ਦੇਖਦਿਆਂ ਹੀ ਉਸ ਤੇ, ਸੂਹਾ ਰੰਗ ਚੜ੍ਹ ਆਇਆ।

ਮੈਂ ਤਾਂ ਤੱਕਦੀ ਦੰਗ ਰਹਿ ਗਈ, ਲਾਲੀ ਉਸ ਦੇ ਚੇਹਰੇ, ਸੋਚਾਂ ਦੇ ਸਾਗਰ ਵਿੱਚ ਡੁੱਬੀ, "ਕਿਸ ਨੇ ਰੰਗ ਬਖੇਰੇ?"

ਸੂਹਾ ਪੀਲਾ ਹੋਇਆ ਪੱਤਾ, ਸੁੱਕਾ ਤੇ ਮੁਰਝਾਇਆ, ਕੁਝ ਦਿਨਾਂ ਦੇ ਅੰਦਰ ਹੀ ਉਹ, ਟੁੱਟ ਡਾਲੀ ਤੋਂ ਆਇਆ।

ਮਿੱਟੀ ਦੇ ਵਿੱਚ ਮਿੱਟੀ ਹੋਇਆ, ਪੌਦਾ ਹੋਰ ਉਗਾਇਆ, ਕੁਦਰਤ ਦੇ ਭਾਣੇ ਨੂੰ ਮੰਨਦਾ, ਪੱਤਾ ਨਾ ਘਬਰਾਇਆ।

ਬ੍ਰਹਿਮੰਡ ਦਾ ਅੰਸ਼ ਅਸੀਂ ਵੀ, 'ਦੀਸ਼' ਵਾਂਗਰਾਂ ਪੱਤੇ, ਸਦਾ ਹੀ ਏਥੇ ਚੇਤ ਨਾ ਰਹਿਣੇ, ਸਦਾ ਨਾ ਰਹਿਣੇ ਕੱਤੇ।

ਸਭ ਕੁੱਝ ਮਿੱਟੀ ਵਿੱਚੋਂ ਉਗਿਆ, ਸਭ ਮਿੱਟੀ ਹੋ ਜਾਣਾ, ਕੁਦਰਤ ਦਾ ਹੈ ਨੇਮ ਨਿਰਾਲਾ, ਮੰਨੀਏਂ ਉਹਦਾ ਭਾਣਾ

## ਮੇਰਾ ਬਾਬਲ

(ਗੁਰੂ ਤੇਗ ਬਹਾਬਰ ਸਾਹਿਬ ਦੀ ਸ਼ਹੀਦੀ ਨੂੰ ਸਮਰਪਿਤ)

ਸਰਦਾਰ ਗੁਰਭਜਨ ਸਿੰਘ ਗਿੱਲ



ਹੱਕ ਸੱਚ ਦੀ ਰਖਵਾਲੀ ਵਾਲਾ,
ਪਰਚਮ ਹੱਥੀਂ ਆਪ ਪਕੜ ਕੇ,
ਆਨੰਦਪੁਰ ਤੋਂ ਡਾਂਡੇ ਮੀਂਡੇ,
ਵਾਹੋਦਾਹੀ ਤੁਰਿਆ ਸੂਰਾ ।
ਕਹਿਣੀ ਤੇ ਕਥਨੀ ਦਾ ਪੂਰਾ ।
ਸਿਰਫ਼ ਜਨੇਊ ਜਾਂ ਕਸ਼ਮੀਰੀ,
ਤੁਰਿਆ ਨਾ ਉਹ ਪੰਡਿਤਾਂ ਖ਼ਾਤਰ ।
ਮੇਰਾ ਬਾਬਲ ਤੇਗ ਬਹਾਦਰ ।

ਉਹ ਤਾਂ ਭੈ ਵਣਜਾਰਿਆਂ ਨੂੰ,
ਇਹ ਕਹਿਣ ਗਿਆ ਸੀ ।
ਨਾ ਭੈ ਦੇਣਾ ਨਾ ਭੈ ਮੰਨਣਾ ।
ਕੂੜ ਦਾ ਭਾਂਡਾ ਹੱਥੀਂ ਭੰਨਣਾ ।
ਆਪ ਤੁਰ ਪਿਆ ਦਿੱਲੀ ਦੇ ਵੱਲ ।
ਆਪ ਕਹਾਂਗਾ ਮੈਂ ਆਪਣੀ ਗੱਲ ।

ਤਖ਼ਤ ਨਸ਼ੀਨਾਂ ਦੇ ਘਰ ਜਾ ਕੇ,
ਲਾਲ ਕਿਲ੍ਹੇ ਦੇ ਦਰ-ਦੀਵਾਰਾਂ,
ਸ਼ਬਦ-ਬਾਣ ਦੇ ਨਾਲ ਠਕੋਰੂੰ ।
ਪੱਥਰ ਚਿੱਤ ਨੂੰ ਵੇਖਿਓ ਭੋਰੂੰ ।

ਦੀਨ ਬਹਾਨੇ
ਈਨ ਮਨਾਉਣੀ ਨਾ ਹੈ ਮੰਨਣੀ ।
ਕੂੜੀ ਕੰਧ ਹੈ ਏਦਾਂ ਭੰਨਣੀ ।
ਤਿਲਕ ਜਨੇਊ ਤਸਬੀ ਮਣਕੇ ।

ਖ਼ੁਦ ਆਪਣੀ ਰਖਵਾਲੀ ਦੇ ਲਈ
ਜੇ ਅੱਜ ਖੜ੍ਹੇ ਨਾ ਹੋਏ ਤਣ ਕੇ ।
ਰੀਂਘਣਹਾਰੇ ਬਣ ਜਾਣੇ
ਇਹ ਨਾਗ ਖੜੱਪੇ ।
ਜ਼ੋਰ ਜਬਰ ਦਾ
ਆਲਮ ਪਸਰੂ ਚੱਪੇ ਚੱਪੇ ।

ਮੇਰੇ ਧਰਮੀ ਬਾਬਲ ਨੇ ਇਹ ਠੀਕ ਕਿਹਾ ਸੀ ।
ਔਰੰਗਜ਼ੇਬ ਤੂੰ ਬਾਤ ਸਮਝ ਲੈ !
ਜੇਕਰ ਜਬਰ ਜਨੇਊ ਕਰਦਾ,
ਸੁੰਨਤਧਾਰੀ ਹੁੰਦਾ ਜ਼ੋਰ ਜ਼ੁਲਮ ਤੋਂ ਡਰਦਾ ।
ਮੈਂ ਤਾਂ ਏਸੇ ਮਾਰਗ ਤੁਰ ਕੇ,
ਆ ਜਾਣਾ ਸੀ ।

ਤਿਲਕਧਾਰੀਆਂ ਨੂੰ ਇਹ ਸਮਝਾ ਜਾਣਾ ਸੀ ।
ਧਰਮ ਕਰਮ ਤਲਵਾਰ ਸਹਾਰੇ ਪਲਦਾ ਨਹੀਂ।

ਜਿਸ ਬੂਟੇ ਦੀ ਜੜ੍ਹ ਦੇ ਥੱਲੇ,
ਕੂੜ ਕੁਫ਼ਰ ਦੀ ਢੇਰੀ ਹੋਵੇ,
ਸਦੀਆਂ ਤੀਕਰ ਫ਼ਲਦਾ ਨਹੀਂ ਹੈ ।

ਮੇਰੇ ਬਾਬਲ ਸੀਸ ਕਟਾਇਆ,
ਤਖ਼ਤਾ ਚੁਣਿਆ ਤਖ਼ਤ ਨਿਵਾਇਆ ।
ਨਾਲੇ ਇਹ ਵੀ ਸਬਕ ਪੜ੍ਹਾਇਆ,
ਸਦਾ ਨਹੀਂ ਥਿਰ ਰਹਿੰਦੀ,
ਤਾਕਤ ਭਰਮ ਜਾਲ ਹੈ,
ਨਿਰੀ ਪੁਰੀ ਬੱਦਲਾਂ ਦੀ ਛਾਇਆ ।

ਮਨ ਪੁੱਛਦਾ ਹੈ!
ਕਿਹੜਾ ਫੇਰ,
ਆਨੰਦਪੁਰੀ ਤੋਂ ਮੁੜ ਕੇ ਧਾਵੇ ।
ਤਖ਼ਤ ਤਾਜ ਨੂੰ ਇਹ ਸਮਝਾਵੇ ।
ਜਬਰ ਜ਼ੁਲਮ ਜੇ ਹੱਦ ਟੱਪ ਜਾਵੇ
ਖਿਸਕ ਜਾਣ ਏਦਾਂ ਹੀ ਪਾਵੇ ।

ਕੁੱਲ ਧਰਤੀ ਦੇ ਵੰਨ ਸੁਵੰਨੇ
ਜੇ ਨਾ ਰਹੇ ਖਿੜੇ ਫੁੱਲ ਪੱਤੀਆਂ ।
ਕਿੰਜ ਆਵੇਗੀ ਰੁੱਤ ਬਸੰਤੀ
ਵਗਣਗੀਆਂ ਪੌਣਾਂ ਫਿਰ ਤੱਤੀਆਂ ।

ਕੂੜ ਅਮਾਵਸ ਕਾਲ਼ਾ ਅੰਬਰ ।
ਕਿਓਂ ਤਣਦੇ ਹੋ ਏਡ ਆਡੰਬਰ ।

ਮੇਰਾ ਬਾਬਲ ਦਿੱਲੀ ਅੰਦਰ,
ਅੱਜ ਵੀ ਸਾਨੂੰ ਵੇਖ ਰਿਹਾ ਹੈ ।
ਜ਼ੋਰ ਨਾਲ ਹਾਂ ਜਬਰ ਨਾਲ ਹਾਂ ।
ਸ਼ਬਦ ਨਾਲ ਹਾਂ ਕਬਰ ਨਾਲ ਹਾਂ ।

ਸਿਰ ਤੇ ਸੂਰਜ ਸੱਚ ਦਾ ਚੜ੍ਹਿਆ ।
ਸ਼ਬਦ ਸੰਵਾਰਨਹਾਰ ਨਾ ਪੜ੍ਹਿਆ ।
ਸਾਡੀ ਹੀ ਅਲਗਰਜ਼ੀ,
ਜੇਕਰ ਅਕਲੀਂ ਕੁੰਡੇ ਜੰਦਰੇ ਮਾਰੇ ।
ਹਰ ਵਾਰੀ ਕਿਓਂ ਆ ਕੇ,
ਬਾਬਲ ਕਾਜ ਸੰਵਾਰੇ ।

ਦੀਨ ਧਰਮ ਦੇ ਰਾਖਿਓ,
ਅੰਦਰ ਝਾਤੀ ਮਾਰੋ ।
ਜੋ ਗੁਰ ਦੱਸੀ ਵਾਟ ਓਸ ਦੇ,
ਰਾਹਾਂ ਵਿੱਚ ਬੁਹਾਰੀ ਮਾਰੋ ।
ਆਪੇ ਪੜ੍ਹ ਕੇ ਆਪ ਵਿਚਾਰੋ ।
ਬਰਖ਼ੁਰਦਾਰੋ ! ਪਹਿਰੇਦਾਰੋ !

ਕਾਵਿ ਪੁਸਤਕ “ਚਰਖ਼ੜੀ” ਵਿੱਚੋਂ
ਮਿਲਣ ਦਾ ਪਤਾਃ ਸਿੰਘ ਬਰਦਰਜ਼
ਅੰਮ੍ਰਿਤਸਰ +91 884-76047

# ਕੀ ਹਰ ਇੱਕ ਮਨੁੱਖ ਨੂੰ ਸਮਝਾਇਆ ਜਾ ਸਕਦਾ ਹੈ ਜਾਂ ਕੀ ਉਸ ਦਾ ਮਨ ਬਦਲਿਆ ਜਾ ਸਕਦਾ ਹੈ ? ਭਾਗ-5

ਡਾ: ਦੇਵਿੰਦਰ ਸਿੰਘ ਸੇਖੋਂ, ਵਿੰਡਸਰ (ਕੈਨੇਡਾ)



ਉਂਞ ਤਾਂ ਸਾਰੇ ਗੁਰੂ ਸਾਹਿਬਾਨ ਨਾਲ਼ ਕੁਝ ਕਰਾਮਾਤਾਂ ਜੁੜੀਆਂ ਹਨ, ਪਰ ਉਹ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਨਹੀਂ ਹਨ। ਗੁਰੂ ਅਰਜਨ ਸਾਹਿਬ ਨੇ ਆਪਣੇ ਨਾਲ਼ੇ ਵਾਪਰੀਆਂ ਕੁਝ ਘਟਨਾਵਾਂ ਦਾ ਵਰਣਨ ਕੀਤਾ ਹੈ ਜਿਹਨਾਂ ਨੂੰ ਕਰਾਮਾਤਾਂ ਹੀ ਆਖਿਆ ਜਾ ਸਕਦਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਸ਼ਬਦ ਹਨ ਜਿਹਨਾਂ ਵਿੱਚ ਗੁਰੂ ਨੂੰ ਅਕਾਲ ਪੁਰਖ ਦਾ ਰੂਪ ਲਿਖਿਆ ਹੈ।

ਗੁਰੂ ਅਰਜਨ ਸਾਹਿਬ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਗੁਰੁ ਸਾਹਿਬ ਦੇ ਇਕਲੌਤੇ ਅਤੇ ਮਾਸੂਮ ਸਪੁੱਤਰ, ਸ੍ਰੀ ਹਰਗੋਬਿੰਦ ਜੀ ਨੂੰ, ਜਿਹੜੇ ਕਿ ਅਜੇ ਬੋਲ ਵੀ ਨਹੀਂ ਸਕਦੇ ਸਨ, ਮਰਵਾਉਣ ਲਈ ਬੜੀਆਂ ਸਾਜ਼ਿਸ਼ਾਂ ਰਚੀਆਂ। ਪ੍ਰਿਥੀ ਚੰਦ ਨੇ ਹਰਿਗੋਬਿੰਦ ਜੀ ਦੇ ਖਿਡਾਵੇ ਬ੍ਰਾਹਮਣ ਨੂੰ ਲਾਲਚ ਦੇ ਕੇ ਬਾਲਕ ਨੂੰ ਜ਼ਹਿਰ ਮਿਲਿਆ ਦਹੀਂ ਖੁਵਾਉਣ ਲਈ ਮਨਾ ਲਿਆ। ਜਦ ਬ੍ਰਾਹਮਣ ਨੇ ਹਰਿਗੋਬਿੰਦ ਜੀ ਨੂੰ ਦਹੀਂ ਖੁਆਉਣ ਦੀ ਕੋਸ਼ਿਸ਼ ਕੀਤੀ ਤਾਂ ਬਾਲਕ ਨੇ ਮੂੰਹ ਬੰਦ ਕਰ ਕੇ ਦੂਜੇ ਪਾਸੇ ਮੋੜ ਲਿਆ। ਜਦ ਬ੍ਰਾਹਮਣ ਨੇ ਜ਼ਬਰਦਸਤੀ ਕਰਨੀ ਚਾਹੀ ਤਾਂ ਉਸੇ ਵੇਲ਼ੇ ਉਸ ਦੇ ਢਿੱਡ ਵਿੱਚ ਅਜਿਹਾ ਸੂਲ਼ ਉੱਠਿਆ ਕਿ ਉਹ ਤੁਰੰਤ ਹੀ ਮਰ ਗਿਆ।

ਅਕਾਲ ਪੁਰਖ ਦੇ ਇਸ ਅਨੋਖੇ ਚਮਤਕਾਰ ਨੂੰ ਗੁਰੂ ਸਾਹਿਬ ਨੇ ਇਉਂ ਬਿਆਨ ਕੀਤਾ ਹੈ।

ਭੈਰਉ ਮਹਲਾ 5 (1137)॥

ਲੇਪੁ ਨ ਲਾਗੋ ਤਿਲ ਕਾ ਮੂਲਿ॥ ਦੁਸਟੁ ਬ੍ਰਾਹਮਣ ਮੂਆ ਹੋਇ ਕੈ ਸੂਲ॥ 1॥ ਹਰਿ ਜਨ ਰਾਖੇ ਪਾਰਬ੍ਰਹਮਿ ਆਪਿ॥ ਪਾਪੀ ਮੂਆ ਗੁਰ ਪਰਤਾਪਿ॥ 1॥ ਰਹਾਉ॥ ਅਪਣਾ ਖਸਮੁ ਜਨ ਆਪਿ

ਧਿਆਇਆ॥ ਇਆਣਾ ਪਾਪੀ ਓਹੁ ਆਪਿ ਪਚਾਇਆ॥ ---

ਜਦ ਪ੍ਰਿਥੀ ਚੰਦ ਦਾ ਇਹ ਵਾਰ ਵੀ ਖਾਲੀ ਗਿਆ ਤਾਂ ਉਸ ਨੇ ਇੱਕ ਹੋਰ ਕੋਝੀ ਚਾਲ ਚੱਲੀ।

ਦਰਬਾਰ ਸਾਹਿਬ ਦੀ ਉਸਾਰੀ ਲਈ ਗੁਰੂ ਸਾਹਿਬ ਨੇ ਇੱਟਾਂ ਤਿਆਰ ਕਰਨ

ਲਈ ਲਾਹੌਰ-ਅੰਮ੍ਰਿਤਸਰ ਵਾਲੀ ਸੜਕ ‘ਤੇ ਇੱਕ ਭੱਠਾ ਤਿਆਰ ਕਰਵਾਇਆ।

ਜਦ ਇੱਟਾਂ ਪੱਕ ਰਹੀਆਂ ਸਨ ਤਾਂ ਪ੍ਰਿਥੀ ਚੰਦ ਨੇ ਲਾਹੌਰ ਦੇ ਇੱਕ ਫੌਜਦਾਰ, ਸੁਲਹੀ ਖਾਨ ਨੂੰ ਲਾਹੌਰ ਵਿੱਚ ਮਸਜਦ ਬਣਾਉਣ ਲਈ ਕਿਹਾ ਕਿ ਉਹ ਗੁਰੂ ਸਾਹਿਬ ਪਾਸੋਂ ਇੱਟਾਂ ਮੰਗ ਲਏ। ਉਸ ਨੂੰ ਯਕੀਨ ਸੀ ਕਿ ਗੁਰੂ ਸਾਹਿਬ ਨੇ ਇੱਟਾਂ ਦੇਣੀਆਂ ਨਹੀਂ, ਸੁਲਹੀ ਖਾਨ ਉਹਨਾਂ ਨੂੰ ਕੈਦ ਕਰ ਲਏਗਾ ਅਤੇ ਉਹ ਗੁਰਗੱਦੀ ਦਾ ਮਾਲਕ ਬਣ ਬੈਠੇਗਾ। ਜਦ ਇਸ ਖਬਰ ਦੀ ਭਿਣਖ ਸਿੱਖਾਂ ਨੂੰ ਪਈ ਤਾਂ ਉਹਨਾਂ ਗੁਰੂ ਸਾਹਿਬ ਨੂੰ ਸਲਾਹ ਦਿੱਤੀ ਕਿ ਉਹ ਇਸ ਸਬੰਧ ਵਿੱਚ ਜਾਂ ਤਾਂ ਸੁਲਹੀ ਖਾਨ ਨੂੰ ਪੱਤਰ ਲਿਖਣ, ਜਾਂ ਕੋਈ ਸਫ਼ੀਰ ਭੇਜਣ। ਇਸ ਵਿਸ਼ੇ ’ਤੇ ਗੁਰੂ ਸਾਹਿਬ ਨੇ ਸ਼ਬਦ ਲਿਖਿਆ ਹੈ ਜੋ ਕਿ ਗੁਰੂ ਗ੍ਰੰਥ ਸਾਹਿਬ ਦੇ ਅੰਗ 372 ’ਤੇ ਰਾਗ ਆਸਾ ਵਿੱਚ ਸਸ਼ੋਭਿਤ ਹੈ।

ਗੁਰੂ ਸਾਹਿਬ ਨੂੰ ਪਤਾ ਸੀ  ਕੋਈ ਵੀ ਯਤਨ ਸੁਲਹੀ ਨੂੰ ਆਪਣਾ ਮਨ ਬਦਲਣ ਲਈ ਕਾਫ਼ੀ ਨਹੀਂ ਹੋਵੇਗਾ॥ ਸੋ ਉਹਨਾਂ ਨੇ ਵਾਹਿਗੁਰੂ ’ਤੇ ਹੀ ਆਪਣਾ ਭਰੋਸਾ ਰੱਖਿਆ। ਕੁਝ ਫੌਜ ਲੈਕੇ ਸੁਲਹੀ ਖਾਨ ਨੇ ਅੰਮ੍ਰਿਤਸਰ ਵੱਲ ਰੁਖ ਕਰ ਲਿਆ। ਜਦ ਉਹ ਭੱਠੇ ਤੇ ਪਹੁੰਚਾ ਤਾਂ ਇੱਟਾਂ ਵੱਲ ਝਾਤੀ ਮਾਰਨ ਲਈ ਉਹ ਘੋੜੇ ਤੇ ਸਵਾਰ ਹੀ ਭੱਠੇ ਦੀ ਫਸੀਲ ਤੇ ਚੜ੍ਹ ਪਿਆ।

ਭੱਠੇ ਵਿਚੋਂ ਅੱਗ ਦਾ ਇੱਕ ਬਹੁਤ ਵੱਡਾ ਲਾਂਬੂ ਉਸ ਵੱਲ ਵਧਿਆ। ਘੋੜਾ ਡਰ ਗਿਆ ਅਤੇ ਉਸ ਨੇ ਭੱਠੇ ਵਿੱਚ ਛਾਲ ਮਾਰ ਦਿੱਤੀ। ਸੁਲਹੀ ਥਾਂ ਤੇ ਹੀ ਸੜ ਕੇ ਸੁਆਹ ਹੋ ਗਿਆ।

ਬਿਲਾਵਲੁ ਮਹਲਾ 5 (824-25)॥

ਸੁਲਹੀ ਤੇ ਨਾਰਾਇਣ ਰਾਖੁ॥ ਸੁਲਹੀ ਕਾ ਹਾਥੁ ਕਹੀ ਨ ਪਹੁਚੈ ਸੁਲਹੀ ਹੋਇ ਮੂਆ ਨਾਪਾਕੁ॥1॥ ਰਹਾਉ॥ ਕਾਢਿ ਕੁਠਾਰੁ ਖਸਮਿ ਸਿਰੁ ਕਾਟਿਆ ਖਿਨ ਮਹਿ ਹੋਇ ਗਇਆ ਹੈ ਖਾਕੁ॥ ਮੰਦਾ ਚਿਤਵਤ ਚਿਤਵਤ ਪਚਿਆ ਜਿਨਿ ਰਚਿਆ ਤਿਨਿ ਦੀਨਾ ਧਾਕੁ॥1॥

ਇਸ ਵਿਚਾਰ ਤੋਂ ਇਹ ਸਪੱਸ਼ਟ ਹੈ ਕਿ ਹੰਕਾਰੀ ਅਤੇ ਕੱਟੜ ਮਨੁੱਖਾਂ ਨੂੰ ਸਮਝਉਣਾ ਕੇਵਲ ਕਠਿਨ ਹੀ ਨਹੀਂ ਸਗੋਂ ਕਈ ਹਾਲਤਾਂ ਵਿੱਚ ਅਸੰਭਵ ਵੀ ਹੈ। ਅਜਿਹੇ ਮਨੁੱਖ ਕੇਵਲ ਸਖ਼ਤੀ ਨਾਲ਼ ਜਾਂ ਕਿਸੇ ਗ਼ੈਬੀ ਸ਼ਕਤੀ (ਕਰਾਮਾਤ ਨਾਲ਼ ਹੀ ਸਮਝਦੇ ਹਨ)।

ਗੁਰੂ ਗੋਬਿੰਦ ਸਿੰਘ ਜੀ ਨੇ ਵੀ ਔਰੰਗਜ਼ੇਬ ਨੂੰ ਇਹੋ ਹੀ ਲਿਖਿਆ ਸੀ ਕਿ ਜਦੋਂ ਸ਼ਾਂਤੀ ਨਾਲ਼ ਮਸਲੇ ਹੱਲ ਕਰਨ ਦੇ ਸਾਰੇ ਤਰੀਕੇ ਫੇਲ੍ਹ ਹੋ ਜਾਣ ਤਾਂ ਤਲਵਾਰ ਨੂੰ ਹੱਥ ਪਾਉਣਾ ਜਾਇਜ਼ ਹੈ। ਸੋ ਹੋ ਸਕਦਾ ਹੈ ਕਿ ਗੁਰੂ ਨਾਨਕ ਸਾਹਿਬ ਨੂੰ ਵੀ ਨਾ ਚਾਹੁੰਦੇ ਹੋਏ ਵੀ ਕਈ ਵਾਰ ਕਰਾਮਾਤਾਂ ਵਿਖਾਉਣੀਆਂ ਪਈਆਂ ਹੋਣਗੀਆਂ।

# ਮੂਲ ਨਾਨਕਸ਼ਾਹੀ ਕੈਲੰਡਰ

ਸੰਮਤ 554

# Mool Nanakshahi Calendar 2022 – 23

[redacted]

*Illinois Sikh Community Center*
2131 Creekside Drive
Wheaton, IL 60189

[redacted]

*Sikh National Archives of Canada*
781 Mayfield Rd
Brampton, ON L7A 0C5 Canada

*Sikh Gurdwara, Rochester Hills*
271 W Auburn Road
Rochester Hills, MI 48307

*Gurdwara Gur Nanak Darbar*
425 S High School Rd,
Indianapolis, IN 46241

*Sikh Gurdwara of Tampa Bay, United Sikh Religious & Educational Foundation, Inc.*
15302 Morris Bridge Rd,
Thonotosassa, FL 33592

*Sadh Sangat of Georgia Gurdwara*
2135 Northlake Pkwy.
Tucker, GA 30084

*Gurdwara Singh Sabha Delano*
14295 County Line Rd
Delano CA 93215

*Buffalo Gurdwara Sahib Sikh Cultural & Educational Society of WNY*
6569 Main Street
Williamsville, NY 14221

*Guru Angad Institute of Sikh Studies*
22831 Silverbrook Center Drive, Unit 130
Sterling, VA 20164

*Gurdwara Gur Nanak Darbar*
425 S High School Rd,
Indianapolis, IN 46241

*Mata Tripta Ji Gurdwara Sahib*
40600 Schoolcraft Rd
Plymouth, MI 48170

*Guru Nanak Sikh Society*
1911 Hobart Road
Indianapolis, IN 46203

*Gurdwara Guru Angad Darbar*
8100 Stine Rd
Bakersfield, CA 93313

*Guru Granth Sahib (GGS) Academy*
1264 Wanless Dr, Brampton,
ON L7A 0A8, Canada

*Gurudwara Sikh Center Houston*
8819 Prairie Drive
Houston, TX 77064

*Sikh Study Circle Inc.*
1821 S Hairston Road
Stone Mountain, GA 30088

*Gurduara Brookfield WI*
3675 N Calhoun Rd
Brookfield, WI 53005

*Sikh Centre Of Seattle*
20412 Bothell Everett Hwy
Bothell, WA 98012

*The Sikh Gurudwara of North Carolina*
3214 E. Banner St.
Durham, NC 27704

*The Sikh Society of Florida*
2527 W State Rd ( Rte 426)
Oviedo, FL 32765

*Guru Nanak Religious Society*
3745 Business Park Drive
Columbus, OH 43204

*Singh Sabha of Michigan*
3310 S Canton Center Rd
Canton, MI 48188

*Sikh Society of Michigan*
33340 Dequindre Road
Sterling Heights, MI 48310

*Khalsa Sikh Center*
7252 Fenton Road
Grand Blanc, MI 48439

*Downriver Sikh Temple*
19101 Inkster Road
Romulus, MI 48174

*Gurudwara Sri Guru Singh Sabha*
Unnao, UP, India

*Walnut Gurdwara Sahib*
20001 E Walnut Dr
Walnut, CA 91789

*Guru Nanak Foundation of America*
12917 Old Columbia Pike,
Silver Spring, MD 20904

*Tri State Sikh Cultural Society*
4407 McKenzie Drive
Monroeville, PA 15146

*Supported by:*
Suchet Sikh Smaj (J&K)
Panthak Talmayl Sangathan (J&K)
and numerous Gurdwaras all over India

**Sponsored and Adopted By The American Sikh Council**
www.americansikhcouncil.org P.O. Box 932, Voorhees, NJ 08043

## ਆਰਟੀਫੀਸ਼ੀਅਲ ਇੰਟੈਲੀਜੈਂਸ (Artificial Intelligence) (ਭਾਗ – 2)

ਡਾ. ਦੇਵਿੰਦਰ ਪਾਲ ਸਿੰਘ, ਮਿਸੀਸਾਗਾ (ਕੈਨੇਡਾ)

**ਪੰਜਾਬੀ ਸੱਭਿਆਚਾਰ ਦੇ ਕੁਝ ਮੁੱਖ ਗੁਣ ਹਨ:** ਇਹ ਭਰਪੂਰਤਾ ਅਤੇ ਵੰਨ-ਸੁਵੰਨਤਾ ਵਾਲਾ ਹੈ। ਪੰਜਾਬੀ ਲੋਕ ਨਿੱਘੀ ਪ੍ਰਾਹੁਣਚਾਰੀ ਅਤੇ ਉਦਾਰਤਾ ਲਈ ਜਾਣੇ ਜਾਂਦੇ ਹਨ। ਮਹਿਮਾਨਾਂ ਦਾ ਬਹੁਤ ਆਦਰ ਭਰਿਆ ਵਿਵਹਾਰ ਕੀਤਾ ਜਾਂਦਾ ਹੈ ਅਤੇ ਉਹਨਾਂ ਨੂੰ ਖਾਣ-ਪੀਣ ਵਾਲੇ ਪਦਾਰਥ ਅਤੇ ਸੁਆਗਤੀ ਵਾਤਾਵਰਣ ਪੇਸ਼ ਕੀਤਾ ਜਾਂਦਾ ਹੈ। "ਆਤਿਥੀ ਦੇਵੋ ਭਵ" (ਮਹਿਮਾਨ ਨੂੰ ਦੇਵਤਿਆਂ ਵਰਗਾ ਮਹੱਤਵ) ਦਾ ਸੰਕਲਪ ਪੰਜਾਬੀ ਸੱਭਿਆਚਾਰ ਵਿੱਚ ਡੂੰਘਾ ਹੈ। ਪੰਜਾਬੀ ਸੱਭਿਆਚਾਰ ਆਪਣੇ ਖੁਸ਼ੀਆਂ ਭਰੇ ਤਿਉਹਾਰਾਂ ਲਈ ਮਸ਼ਹੂਰ ਹੈ। ਵਿਸਾਖੀ, ਲੋਹੜੀ ਅਤੇ ਦੀਵਾਲੀ ਕੁਝ ਪ੍ਰਮੁੱਖ ਤਿਉਹਾਰ ਹਨ ਜੋ ਬਹੁਤ ਉਤਸ਼ਾਹ ਨਾਲ ਮਨਾਏ ਜਾਂਦੇ ਹਨ। ਇਹਨਾਂ ਜਸ਼ਨਾਂ ਵਿੱਚ ਮਨਮੋਹਕ ਸੰਗੀਤ, ਭੰਗੜਾ ਅਤੇ ਗਿੱਧਾ ਵਰਗੇ ਚੁਸਤੀ-ਫੁਰਤੀ ਭਰੇ ਨਾਚ, ਅਤੇ ਸੁਆਦ ਭਰਪੂਰ ਦਾਅਵਤਾਂ ਸ਼ਾਮਲ ਹੁੰਦੀਆਂ ਹਨ। ਸੰਗੀਤ ਅਤੇ ਨੱਚਣਾ-ਟੱਪਣਾ ਪੰਜਾਬੀ ਸੱਭਿਆਚਾਰ ਵਿੱਚ ਮਹੱਤਵਪੂਰਨ ਸਥਾਨ ਰੱਖਦੇ ਹਨ। ਭੰਗੜਾ ਅਤੇ ਗਿੱਧਾ, ਦੋ ਬਹੁਤ ਹੀ ਫੁਰਤੀ ਭਰਪੂਰ ਨਾਚ ਹਨ। ਨਾਲ ਗਾਏ ਜਾਂਦੇ ਗੀਤਾਂ ਦੇ ਅਰਥ-ਭਰਪੂਰ ਬੋਲਾਂ ਤੇ ਜੋਸ਼ ਭਰਪੂਰ ਤਾਲਾਂ ਨਾਲ ਪੰਜਾਬੀ ਸੰਗੀਤ ਨੇ ਦੁਨੀਆ ਭਰ ਵਿੱਚ ਪ੍ਰਸਿੱਧੀ ਹਾਸਲ ਕੀਤੀ ਹੈ। ਪੰਜਾਬੀ ਖਾਣੇ ਆਪਣੇ ਲਜ਼ੀਜ਼ ਸੁਆਦਾਂ ਅਤੇ ਦਿਲਕਸ਼ ਪਕਵਾਨਾਂ ਲਈ ਮਸ਼ਹੂਰ ਹਨ। ਰੋਟੀ, ਦਾਲ, ਅਤੇ ਸਬਜ਼ੀ ਤੋਂ ਇਲਾਵਾ ਬਟਰ ਚਿਕਨ, ਸਰਸੋਂ ਦਾ ਸਾਗ, ਅਤੇ ਮੱਕੀ ਦੀ ਰੋਟੀ ਵਰਗੇ ਪਕਵਾਨ ਪੰਜਾਬੀਆਂ ਦਾ ਮਨਪਸੰਦ ਖਾਣਾ ਹੈ। ਪੰਜਾਬੀ ਪਕਵਾਨਾਂ ਵਿਚ ਮਸਾਲਿਆਂ ਅਤੇ ਡੇਅਰੀ ਉਤਪਾਦਾਂ ਦੀ ਵਰਤੋਂ ਖੁੱਲੇ ਦਿਲ ਨਾਲ ਕੀਤੀ ਜਾਂਦੀ ਹੈ। ਪੰਜਾਬੀ ਸੱਭਿਆਚਾਰ ਦੀਆਂ ਜੜ੍ਹਾਂ ਇਸ ਦੇਖੇਤੀਬਾੜੀ ਅਧਾਰ ਵਿਚ ਡੂੰਘੀਆਂ ਖੁੱਭੀਆਂ ਹੋਈਆ ਹਨ।



ਪੰਜਾਬ ਨੂੰ ਆਪਣੀ ਉਪਜਾਊ ਜ਼ਮੀਨ ਅਤੇ ਖੇਤੀ ਉਤਪਾਦਕਤਾ ਕਾਰਣ "ਭਾਰਤ ਦਾ ਅਨਾਜ ਭੰਡਾਰ" ਕਿਹਾ ਜਾਂਦਾ ਹੈ। ਰਵਾਇਤੀ ਪ੍ਰਥਾਵਾਂ, ਲੋਕ ਗੀਤ, ਅਤੇ ਤਿਉਹਾਰ ਖੇਤੀਬਾੜੀ ਦੇ ਮੌਸਮਾਂ ਅਤੇ ਗਤੀਵਿਧੀਆਂ ਦੇ ਦੁਆਲੇ ਕੇਂਦਰਿਤ ਹੁੰਦੇ ਹਨ।ਪੰਜਾਬੀ ਸੱਭਿਆਚਾਰ ਵਿੱਚ ਕੇਂਦਰੀ ਭੂਮਿਕਾ ਨਿਭਾਉਂਦਾ ਹੈ, ਅਤੇ ਮਜ਼ਬੂਤ ਪਰਿਵਾਰਕ ਬੰਧਨਾਂ ਦੀ ਬਹੁਤ ਕਦਰ ਕੀਤੀ ਜਾਂਦੀ ਹੈ। ਬਜ਼ੁਰਗਾਂ ਦਾ ਆਦਰ, ਨੌਜਵਾਨ ਪੀੜ੍ਹੀ ਦੀ ਦੇਖਭਾਲ ਅਤੇ ਸਮੂਹਿਕ ਫੈਸਲੇ ਲੈਣਾ ਪੰਜਾਬੀ ਪਰਿਵਾਰਕ ਜੀਵਨ ਦੇ ਜ਼ਰੂਰੀ ਪਹਿਲੂ ਹਨ।

ਪੰਜਾਬ ਸਿੱਖ ਧਰਮ, ਹਿੰਦੂ ਧਰਮ, ਇਸਲਾਮ ਅਤੇ ਈਸਾਈਅਤ ਸਮੇਤ ਵੱਖ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕਾਂ ਦਾ ਘਰ ਹੈ। ਧਾਰਮਿਕ ਵਿਭਿੰਨਤਾ ਪੰਜਾਬੀ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਪਹਿਲੂ ਹੈ, ਅਤੇ ਵੱਖ-ਵੱਖ ਧਰਮਾਂ ਦੇ ਲੋਕ ਇਸ ਖੇਤਰ ਦੇ ਸੱਭਿਆਚਾਰਕ ਤਾਣੇ-ਬਾਣੇ ਵਿੱਚ ਯੋਗਦਾਨ ਪਾਉਂਦੇ ਹੋਏ ਪਿਆਰ ਭਰੀ ਸੁਮੇਲਤਾ ਨਾਲ ਇਕੱਠੇ ਰਹਿੰਦੇ ਹਨ। ਪੰਜਾਬੀ ਸੱਭਿਆਚਾਰ ਵਿੱਚ ਜੰਗੀ ਪਰੰਪਰਾ ਦਾ ਇਕ ਲੰਮਾ ਇਤਿਹਾਸ ਹੈ। ਪੰਜਾਬੀ ਯੋਧਿਆਂ ਦੀ ਦਲੇਰੀ ਅਤੇ ਬਹਾਦਰੀ ਨੂੰ ਲੋਕ ਕਥਾਵਾਂ, ਗੀਤਾਂ ਅਤੇ ਸੱਭਿਆਚਾਰਕ ਪੇਸ਼ਕਾਰੀਆਂ ਵਿੱਚ ਸ਼ਾਨਦਾਰ ਸਥਾਨ ਹਾਸਿਲ ਹੈ। ਮਾਰਸ਼ਲ ਆਰਟਸ ਜਿਵੇਂ ਕਿ ਗਤਕਾ, ਇੱਕ ਪਰੰਪਰਾਗਤ ਸਿੱਖ ਮਾਰਸ਼ਲ ਆਰਟ ਫਾਰਮ ਹੈ, ਜੋ ਪੰਜਾਬੀ ਯੋਧਿਆਂ ਦੀ ਤਾਕਤ ਅਤੇ ਸਾਹਸ ਦਾ ਪ੍ਰਦਰਸ਼ਨ ਕਰਦਾ ਹੈ।

**ਪੰਜਾਬੀ ਸੱਭਿਆਚਾਰ ਵਿਚ ਏਆਈ ਦਾ ਯੋਗਦਾਨ**:

ਪੰਜਾਬੀ ਭਾਸ਼ਾ ਦੇ ਵਿਕਾਸ ਲਈ ਏ ਆਈ ਅਧਾਰਿਤ ਭਾਸ਼ਾ ਪ੍ਰੋਸੈਸਿੰਗ ਤਕਨੀਕਾਂ ਖੋਜੀਆਂ ਜਾ ਰਹੀਆਂ ਹਨ। ਇਨ੍ਹਾਂ ਵਿਚ ਪੰਜਾਬੀ ਵਿੱਚ ਅਨੁਵਾਦ ਪ੍ਰਣਾਲੀ, ਆਵਾਜ਼ ਦੀ ਪਛਾਣ, ਅਤੇ ਟੈਕਸਟ-ਟੂ-ਸਪੀਚ ਸਿੰਥੇਸਿਸ ਸ਼ਾਮਲ ਹਨ। ਇਨ੍ਹਾਂ ਸੁਵਿਧਾਵਾਂ ਦੇ ਵਿਕਾਸ ਨਾਲ ਲੋਕਾਂ ਲਈ ਪੰਜਾਬੀ ਭਾਸ਼ਾ ਵਿਚ ਸੰਚਾਰ, ਜਾਣਕਾਰੀ ਹਾਸਿਲ ਕਰਨਾ ਅਤੇ ਪੰਜਾਬੀ ਲਿਖਤਾ ਦੀ ਉਪਲਬਧੀ ਆਸਾਨ ਹੋ ਰਹੀ ਹੈ।

ਇਹ ਤਕਨੀਕ ਪੰਜਾਬੀ ਕਲਾਕ੍ਰਿਤੀਆਂ ਅਤੇ ਵਿਰਸੇ ਨੂੰ ਸੰਭਾਲਣ ਵਿੱਚ ਸਹਾਇਤਾ ਕਰਦੀ ਹੈ। ਉੱਨਤ ਇਮੇਜਿੰਗ ਟੈਕਨਾਲੋਜੀ, ਜਿਵੇਂ ਕਿ ਕੰਪਿਊਟਰ ਵਿਜ਼ਨ, ਇਤਿਹਾਸਕ ਦਸਤਾਵੇਜ਼ਾਂ, ਫੋਟੋਆਂ, ਆਰਟਵਰਕ ਅਤੇ ਹੋਰ ਸੱਭਿਆਚਾਰਕ ਕਲਾਕ੍ਰਿਤੀਆਂ ਨੂੰ ਡਿਜੀਟਾਈਜ਼ ਕਰਨ ਅਤੇ ਉਨ੍ਹਾਂ ਦਾ ਵਰਗੀਕਰਣ ਕਰਨ ਵਿੱਚ ਮਦਦ ਮਿਲਦੀ ਹੈ, ਜਿਸ ਨਾਲ ਭਵਿੱਖ ਦੀਆਂ ਪੀੜ੍ਹੀਆਂ ਲਈ ਵਿਰਸੈ ਨੂੰ ਸੰਭਾਲਣ ਵਿਚ ਮਦਦ ਕਰਦੀ ਹੈ। ਡਿਜੀਟਲ ਮੀਡੀਆ ਅਤੇ ਮਨੋਰੰਜਨ ਦੇ ਖੇਤਰ ਵਿੱਚ ਇਸ ਦੀ ਅਹਿਮ ਭੂਮਿਕਾ ਹੈ, ਜਿਸ ਦੀ ਬਦੌਲਤ ਪੰਜਾਬੀ ਗਾਇਕਾਂ ਅਤੇ ਕਲਾਕਾਰਾਂ ਲਈ ਦੂਰ-ਦੁਰੇਡੇ ਦੇ ਦਰਸ਼ਕਾਂ ਤੇ ਸਰੋਤਿਆਂ ਤੱਕ ਪਹੁੰਚ ਕਰਨੀ ਸੰਭਵ ਹੋ ਚੁੱਕੀ ਹੈ। ਏ ਆਈ ਅਧਾਰਿਤ ਐਪਸ ਨਾਲ ਸੰਗੀਤ, ਫ਼ਿਲਮਾਂ, ਸਾਹਿਤ ਅਤੇ ਕਲਾ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਮਿਲਦੀ ਹੈ।

ਔਨਲਾਈਨ ਪਲੇਟਫਾਰਮ ਅਤੇ ਏਆਈ ਅਧਾਰਿਤ ਇੰਟਰਐਕਟਿਵ ਵਿੱਦਿਅਕ ਟੂਲ ਸਿੱਖਿਆ ਪ੍ਰਾਪਤੀ ਦੇ ਅਨੁਭਵ ਵਿਚ ਵਾਧਾ ਕਰ ਰਹੇ ਹਨ। ਕੋਵਿਡ ਵਰਗੀ ਮਹਾਂਮਾਰੀ ਦੇ ਦੌਰ ਵਿਚ ਤੇ ਉਸ ਤੋਂ ਬਾਅਦ ਵਰਚੁਅਲ ਕਲਾਸਰੂਮ, ਅਤੇ ਔਨਲਾਈਨ ਟਿਊਸ਼ਨ ਪ੍ਰਦਾਨ ਕਰਨ ਵਿਚ ਇਸ ਤਕਨਾਲੋਜੀ ਦਾ ਅਸਰ ਵਿਸ਼ਵ ਭਰ ਵਿਚ ਤੇਜ਼ੀ ਨਾਲ ਫੈਲਿਆ ਹੈ।

ਇਹ ਸਿਸਟਮ ਪੰਜਾਬੀ ਇਤਿਹਾਸ, ਭਾਸ਼ਾ, ਸੰਗੀਤ ਅਤੇ ਕਲਾਵਾਂ ਦੇ ਵੱਖ-ਵੱਖ ਪਹਿਲੂਆਂ ਦੀ ਪੜਚੋਲ ਕਰਨ ਅਤੇ ਸਮਝਣ ਦੇ ਯੋਗ ਬਣਾਉਂਦੇ ਹਨ। ਏ ਆਈ ਅਧਾਰਿਤ ਸੋਸ਼ਲ ਮੀਡੀਆ ਪਲੇਟਫਾਰਮ ਅਦਾਨ-ਪ੍ਰਦਾਨ ਦੀ ਸਹੂਲਤ ਮੁਹਈਆ ਕਰਵਾ ਰਹੇ ਹਨ ਅਤੇ ਪੰਜਾਬੀ ਸੱਭਿਆਚਾਰ ਨੂੰ ਵਿਸ਼ਵ-ਵਿਆਪੀ ਦਰਸ਼ਕਾਂ ਤੱਕ ਪਹੁੰਚਾਣ ਵਿਚ ਮਦਦਗਾਰ ਸਾਬਤ ਹੋ ਰਹੇ ਹਨ। ਅਜਿਹੇ ਸਿਸਟਮ ਲੋਕਾਂ ਨੂੰ ਉਨ੍ਹਾਂ ਦੀ ਪਸੰਦ ਦੇ ਆਧਾਰ ਅਨੁਸਾਰ ਪੰਜਾਬੀ ਸਮੱਗਰੀ ਨਾਲ ਜੋੜਨ ਵਿੱਚ ਮਦਦ ਕਰਦੇ ਹਨ।

ਏ ਆਈ ਪੰਜਾਬੀ ਸੱਭਿਆਚਾਰ ਦੇ ਅੰਦਰ ਭਾਈਚਾਰਕ ਵਿਕਾਸ ਅਤੇ ਸਸ਼ਕਤੀਕਰਨ ਵਿੱਚ ਯੋਗਦਾਨ ਪਾ ਰਿਹਾ ਹੈ। ਇਹ ਸਮਾਜਿਕ ਮੁੱਦਿਆਂ ਦੀ ਪਛਾਣ ਕਰਨ ਅਤੇ ਨੀਤੀ ਘਾੜਿਆਂ ਅਤੇ ਕਮਿਊਨਿਟੀ ਲੀਡਰਾਂ ਨੂੰ ਇਨ੍ਹਾ ਮੁੱਦਿਆਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨ ਵਿਚ ਮਦਦ ਕਰ ਰਹੇ ਹਨ। ਏਆਈ ਸੰਚਾਲਿਤ ਸਿਸਟਮ ਪੰਜਾਬੀ ਭਾਈਚਾਰੇ ਦੇ ਅੰਦਰ ਮੇਲ-ਮਿਲਾਪ ਅਤੇ ਸਾਂਝੀਵਾਲਤਾ ਦੀ ਸਹੂਲਤ ਮੁਹਈਆ ਕਰਵਾ ਰਹੇ ਹਨ। ਇੰਝ ਇਹ ਤਕਨਾਲੋਜੀ ਭਾਈਚਾਰਕ ਏਕਤਾ ਅਤੇ ਸਮੂਹਿਕ ਤਰੱਕੀ ਨੂੰ ਉਤਸ਼ਾਹਿਤ ਕਰ ਰਹੀ ਹੈ। ਬੇਸ਼ਕ ਏਆਈ ਹੌਲੇ-ਹੌਲੇ ਪੰਜਾਬੀ ਸੱਭਿਆਚਾਰ ਨੂੰ ਵਧੇਰੇ ਭਰਪੂਰ ਬਣਾ ਰਹੀ ਹੈ, ਪਰ ਅਜੇ ਇਹ ਆਪਣੇ ਜੀਵਨ ਦੌਰ ਦੇ ਮੁੱਢਲੇ ਪੜਾਅ ਉੱਤੇ ਹੀ ਹ। ਭਵਿੱਖ ਵਿਚ ਇਸ ਖੇਤਰ ਵਿਚ ਹੋਰ ਖੋਜ ਅਤੇ ਵਿਕਾਸ ਹੋਣ ਦੀ ਵੱਡੀ ਸੰਭਾਵਨਾ ਹੈ। ਅੱਜ ਲੋੜ ਹੈ ਕਿ ਇਹ ਯਕੀਨੀ ਬਣਾਇਆ ਜਾਵੇ ਕਿ ਏਆਈ ਦਾ ਪ੍ਰਭਾਵ, ਪੰਜਾਬੀ ਸੱਭਿਆਚਾਰ ਦੀ ਪ੍ਰਮਾਣਿਕਤਾ ਅਤੇ ਵਿਲੱਖਣਤਾ ਨੂੰ ਬਰਕਰਾਰ ਰੱਖਦੇ, ਇਸ ਦੀਆਂ ਕਦਰਾਂ-ਕੀਮਤਾਂ ਅਤੇ ਉਮੰਗਾਂ ਨਾਲ ਮੇਲ ਖਾਂਦਾ ਹੋਵੇ।

ਨੋਟ : ਇਸ ਲੇਖ ਦਾ ਤੀਸਰਾ ਭਾਗ ਅਗਲੇ ਅੰਕ ਵਿਚ ਪੜ੍ਹੋ ਜੀ।

## ਸਾਨੂੰ ਇਨ੍ਹਾਂ ਤੇ ਮਾਣ ਹੈ
## (We are Proud of Them)

### The First Sikh Settler in Canada (1897)

### Risaldar Major Kesar Singh, Sardar Bahadur

During her Diamond Jubilee, when Queen Victoria (1819-1901) visited Canada in 1897, with her came few of her personal Guards. One of them was Risaldar Major Kesar Singh, Sardar Bahadur (Order of Merit), a Solder who joined the British Indian Army when he was only 16 years of age. Kesur Singh was amongst a group of Cavalry officers of the Frontier Force who sailed from Hong Kong to Vancouver on board *Empress of India,* arriving on May 1897 on their way to London.





**S. Amar Singh was honoured with the "Australian of the Year Award"**

This Award was given for supporting the community d floods, fires, drought and pandemics. His organisation, *Tu* *4 Australia* (T4A) assists people facing hardships, food insecurity, homelessness and natural calamities. He was n NSW Local Hero for 2022 and was awarded Member of Order of Liverpool in 2021. Singh advocates *Multiculturalism* and *Inter-faith Dialogue*. T4A distributes than 450 food and grocery hampers to needy people and hay the farmers who are experiencing fires and drought. (l by @IANS)



https://www.facebook.com/Gurdwarabanglasahibofficial/videos/1087573395252427/?flite=scwspnss

**Manpreet Kaur Singh becomes "America's First Sikh Lady Judge"**.

A trial lawyer for twenty years, Manpreet Kaur Singh (M Singh) was sworn in as a Harris county Judge in the US. She being hailed as an "Ambassador for all Sikhs as well as all wom color". Born in Houston, she studied Law at the University of T She came in second place for Houston Young Lawyers Association, Most Outstanding Attorney in 2010 and won Distinguished Member Award from the South Asian Bar Association in 2017. She has been involved in several civil organizations at provincial and national levels.




Mrs. Singh currently lives in Bellaire (a city in Texas, U with her husband and their two children.


## <u>Sikh Museum Initiative</u>, UK

Some historic shastars, related to the Sikh Gurus and Martyrs, (brought by The Buddha Dal in 'UK Tour') were displayed at the Leicester Museum. These are: *Kataar (punchdagger) of Sri Hargobind Sahib, *Talwaar (sword) of Sri Guru Gobind Singh Sahib, *Chakkar (quoit) of Baba Deep Singh Ji Shaheed, *Dhaal (Shield) of Sahibzada Baba Fateh Singh Ji, *Khanjar (Dagger) of Akali Phula Singh Ji, *Shamsheer (sword) of Sardar Jassa Singh Ramgarhia. (Guru Nanak Gurdwara, Holy Bones, committee had supported the programme.)

**<u>BBC Sounds</u>: <u>https://www.bbc.co.uk/sounds/play/p0gb44cp</u>**

**Sardar Simarpal Singh (of Argentina), is famous as the "Peanuts King"**

**Sardar Simarpal Singh** who graduated with Honours in Agriculture Guru Nanak Dev University, Amritsar, and later earned MBA in Rural Management. He worked in Africa for some years and moved to Argentina in 2005. Starting with 40 acres, today he is cultivating Peanuts 20,000 acres and Soya and Corn in about 10,000 acres of his land. His company, Olam Inter- National, supplies about four dozens of agricultural products in 70 countries of the world.





**Topper in State-level Scholastic Hunt**

A young Sikh boy **Manveer Singh**, student of **Akal Academy,** Kollianwali, a village in Tehsil Malout, District Muktsar (Punjab), tops the Punjab State Talented Scholars Hunt Competition.



## Views of Maculiffe ans Toynbee




# Ardas performed in White House

# ਲਿਬਾਸ ਅਤੇ ਗਹਿਣੇ

ਡਾ. ਹਰਸ਼ਿੰਦਰ ਕੌਰ, ਐੱਮ.ਡੀ., ਪਟਿਆਲਾ 0175-2216783



ਪੁਰਾਣੀਆਂ ਮਿਲੀਆਂ ਲਾਸ਼ਾਂ ਨਾਲ ਚੰਬੜੀਆਂ ਮਰੀਆਂ ਜੂੰਆਂ ਦੇ ਅਧਿਐਨ ਤੋਂ ਪਤਾ ਲਗਿਆ ਕਿ ਜਿਨ੍ਹਾਂ ਜੂੰਆਂ ਦੇ ਅੰਦਰ ਮਿਲਿਆ ਕਪੜੇ ਦਾ ਅੰਸ਼ ਸੀ, ਉਹ ਲਗਭਗ ਇਕ ਲਖ 70 ਹਜ਼ਾਰ ਸਾਲ ਪੁਰਾਣਾ ਹੈ। ਯਾਨਿ ਮਨੁਖ ਠੰਡ ਤੋਂ ਬਚਣ ਲਈ ਝਾੜ ਫੂਸ ਨਾਲ ਢਿਡ ਕੱਜਣ ਲਗ ਪਏ। ਸ਼ਿਕਾਰ ਦੀ ਚਮੜੀ ਕਮਰ ਦੁਆਲੇ ਬੰਨ੍ਹ ਲੈਂਦੇ ਤੇ ਗਲ ਦੁਆਲੇ ਹੱਡੀਆਂ ਪਿਰੋ ਲੈਂਦੇ।ਪੈਰਾਂ ਲਈ ਵੀ ਖਲ ਜਾਂ ਲਕੜ ਅਤੇ ਘਾਹ ਫੂਸ ਵਰਤਿਆ ਜਾਂਦਾ। ਜਿਸ ਨੂੰ ਕਿਸੇ ਔਰਤ ਨਾਲ ਪਿਆਰ ਹੁੰਦਾ, ਉਹ ਹੱਡੀਆਂ ਦੀ ਮਾਲਾ ਜਾਂ ਬਾਂਹ ਉੱਤੇ ਕੁਝ ਪਾਉਣ ਨੂੰ ਉਸ ਨੂੰ ਤੋਹਫ਼ੇ ਵਜੋਂ ਭੇਂਟ ਕਰ ਦਿੰਦਾ।

ਫਿਰ ਵਿਖਾਵਾ ਭਾਰੀ ਪੈ ਗਿਆ। ਮਹਿੰਗੇ ਕਪੜੇ, ਹੀਰੇ, ਜਵਾਹਰਾਤ ਰਾਜਿਆਂ ਮਹਾਰਾਜਿਆਂ ਦੀ ਮਲਕੀਅਤ ਬਣ ਗਏ। ਜਿੰਨਾ ਜ਼ਿਆਦਾ ਪੈਸਾ ਓਨੀ ਮਹਿੰਗੀ ਪੁਸ਼ਾਕ ਉੱਤੇ ਹੀਰੇ ਅਤੇ ਸੋਨੇ ਦੀਆਂ ਤਾਰਾਂ ਦਾ ਕੰਮ! ਸਿਰ ਦੇ ਤਾਜ ਵਿਚ ਵੀ ਮਹਿੰਗੇ ਹੀਰੇ, ਸੌਣ ਵਾਲੇ ਪਲੰਘਾਂ, ਕੰਧਾਂ, ਦਰਵਾਜਿਆਂ ਉੱਤੇ ਅਤੇ ਕੁਰਸੀਆਂ ਉੱਤੇ ਵੀ ਸੋਨਾ ਲਗ ਗਿਆ। ਪਲੇਟਾਂ, ਚਮਚ, ਗਿਲਾਸ ਵੀ ਸੋਨੇ ਚਾਂਦੀ ਦੇ ਹੋ ਗਏ। ਹਾਥੀ ਅਤੇ ਘੋੜਿਆਂ ਦੁਆਲੇ ਵੀ ਸੋਨੇ ਚਾਂਦੀ ਬੰਨ੍ਹੇ ਜਾਣ ਲਗੇ।ਮਹਿੰਗੇ ਲਿਬਾਸ ਅਤੇ ਹੀਰੇ ਜਵਾਹਰਾਤ ਲੁਟੇ ਗਏ ਜਾਂ ਮਿਊਜ਼ੀਅਮ ਦਾ ਸ਼ਿੰਗਾਰ ਬਣ ਗਏ।ਲੋਕਾਂ ਪਹਿਰਾਵੇ ਅਤੇ ਗਹਿਣਿਆਂ ਨੂੰ ਆਪਣੀ ਵਖਰੀ ਪਛਾਣ ਮੰਨ ਲਿਆ। ਇੱਕੀਵੀਂ ਸਦੀ ਵਿਚ ਇਨ੍ਹਾਂ ਦਾ ਫਿਰ ਫੈਸ਼ਨ ਆ ਗਿਆ। ਔਰਤ ਨੂੰ ਕਪੜਿਆਂ ਨਾਲ ਪੂਰੀ ਪਰਦੇ ਪਿਛੇ ਡਕ ਦਿਤਾ ਗਿਆ। ਫਿਰ ਬਦਲਾਓ ਸ਼ੁਰੂ ਹੋਇਆ ਤੇ ਹੁਣ ਦੁਨੀਆ ਦੇ ਕਈ ਹਿੱਸਿਆਂ ਵਿਚ ਪਰਦਾ ਖ਼ਤਮ ਹੋ ਗਿਆ ਹੈ।

ਧਰਮ ਦੇ ਚਿੰਨ੍ਹ, ਲਿਬਾਸ ਆਦਿ ਨੇ ਵੀ ਵਖ ਪਛਾਣ ਕਾਇਮ ਕੀਤੀ। ਜਾਤ-ਪਾਤ ਨੇ ਵੀ ਲਿਬਾਸ ਅਤੇ ਗਹਿਣਿਆਂ ਉੱਤੇ ਛਾਪ ਛੱਡੀ। ਤਿਉਹਾਰਾਂ ਦੇ ਕਪੜੇ ਤੇ ਗਹਿਣੇ, ਰਸਮਾਂ ਰਿਵਾਜ਼ਾਂ, ਦਾਜ, ਵਿਆਹ, ਮੌਤ, ਸਭ ਕੁਝ ਲਈ ਜੁਤੀਆਂ, ਪਹਿਰਾਵੇ, ਗਹਿਣੇ ਵਖ ਕਰ ਦਿਤੇ ਗਏ।ਕਿਤੇ ਵਿਆਹ ਵੇਲੇ ਦੇ ਕਪੜੇ ਔਰਤਾਂ ਲਈ ਚਿਟੇ, ਕਿਤੇ ਲਾਲ ਹੋ ਗਏ। ਕਿਸੇ ਥਾਂ ਮੌਤ ਉੱਤੇ ਚਿੱਟੇ ਜਾਂ ਕਾਲੇ ਹੋ ਗਏ। ਇਸ਼ਤਿਹਾਰਬਾਜ਼ੀ ਰਾਹੀਂ ਔਰਤਾਂ ਤੇ ਬੱਚੇ ਵਖੋ ਵਖਰੇ ਫੈਸ਼ਨਾਂ ਵਿਚ ਭਰਮਾਏ ਜਾਂਦੇ ਰਹੇ। ਮਰਦਾਂ ਲਈ ਵੀ ਕਈ ਲਿਬਾਸ ਬਣਾ ਦਿਤੇ ਗਏ। ਕੰਨਾਂ ਦੀਆਂ ਮੁਰਕੀਆਂ, ਗੁੱਟ ਦੇ ਕੜੇ, ਗਲ ਦੇ ਹਾਰ ਤੇ ਮੁੰਦਰੀਆਂ ਹੁਣ ਮਰਦਾਂ ਦੇ ਸਰੀਰਾਂ ਉੱਤੇ ਵੀ ਸੁਸ਼ੋਭਿਤ ਹਨ।

ਵਪਾਰ ਲਈ ਅਜੀਬ ਲਿਬਾਸ, ਚਪਲਾਂ, ਜੁਤੀਆਂ, ਸੈਂਡਲ, ਬੂਟ, ਖੜਾਵਾਂ ਤੇ ਦੂਜੇ ਪਾਸੇ ਮੱਝ ਦੇ ਗਲੇ ਦੇ ਸੰਗਲ ਜਿੰਨੇ ਮੋਟੇ ਹਾਰਾਂ ਤੋਂ ਲੈ ਕੇ ਮਹੀਨ ਚੇਨ ਵਿਚ ਇਕੋ ਵਡਾ ਹੀਰਾ ਜਾਂ ਖੰਭਾਂ ਤੋਂ ਬਣੇ ਕਾਂਟੇ, ਫੁਲਾਂ ਦੇ ਹਾਰ ਤਕ ਅਣਗਿਣਤ ਫੈਸ਼ਨ ਚਲੇ। ਡੀਜ਼ਾਈਨ ਤਾਂ ਹੱਦਾਂ ਪਾਰ ਕਰ ਗਏ। ਨੰਗੇਜ਼ ਵੀ ਹੁਣ ਫੈਸ਼ਨ ਹੈ।ਔਰਤਾਂ ਨੇ ਵਿਆਹ ਤੋਂ ਪਹਿਲਾਂ ਤੇ ਬਾਅਦ ਦਾ ਚੂੜਾ, ਸੁਰਖੀ, ਜ਼ੇਵਰ, ਮਹਿੰਦੀ, ਕਪੜਿਆਂ ਵਿਚ ਫਰਕ, ਸੰਧੂਰ, ਬਿੰਦੀ ਅਪਨਾ ਲਿਆ।

ਹਰ ਤਿਉਹਾਰ, ਮੌਸਮ ਜਾਂ ਪ੍ਰੋਗਰਾਮ ਲਈ ਤਿਆਰ ਹੋਣ ਦੇ ਵਖਰੇ ਕਪੜੇ ਤੇ ਜ਼ੇਵਰ ਤਿਆਰ ਹੋ ਗਏ। ਜਦੋਂ ਇਹੀ ਮਹਿੰਗੇ ਗਹਿਣੇ ਅਤੇ ਕਪੜੇ ਦਾਜ ਦਾ ਰੂਪ ਅਖ਼ਤਿਆਰ ਕਰ ਗਏ ਤਾਂ ਅਣਗਿਣਤ ਔਰਤਾਂ ਮੌਤ ਦੇ ਮੂੰਹ ਗਈਆਂ ਤੇ ਮਾਪੇ ਕਰਜ਼ਈ ਹੋ ਗਏ। ਪਛਮੀ ਸਭਿਅਤਾ ਦਾ ਏਨਾ ਡੂੰਘਾ ਪ੍ਰਭਾਵ ਹੈ ਕਿ ਹੁਣ ਦੁਨੀਆ ਦੇ ਹਰ ਕੋਨੇ ਵਿਚ ਉਹੋ ਪਹਿਰਾਵਾ ਵੇਖਿਆ ਜਾ ਸਕਦਾ ਹੈ। ਵੱਖਰੇ ਪਹਿਰਾਵੇ ਅਤੇ ਸਭਿਅਤਾਵਾਂ ਨਾਲ ਜੁੜੇ ਜ਼ੇਵਰ ਹੋਲੀ-ਹੌਲੀ ਅਲੋਪ ਹੋ ਰਹੇ ਹਨ। ਹੁਣ ਤਾਂ ਦੁਨੀਆਂ ਦੇ ਕਈ ਹਿੱਸਿਆਂ ਵਿਚ ਬਿਨਾਂ ਕਪੜਿਆਂ ਦੇ ਘੁੰਮ ਕੇ ਲੋਕ ਆਪਣੇ ਆਪ ਨੂੰ ਅਗਾਂਹਵਧੂ ਸਾਬਤ ਕਰ ਰਹੇ ਹਨ। ਇੰਗਲੈਂਡ ਵਿਚਲੀ ਮਸ਼ਹੂਰ ਨਿਰਵਸਤਰ ਸਾਈਕਲ ਰੇਸ, ਨਿਊਡ ਬੀਚ, ਪਾਰਟੀਆਂ, ਡਾਂਸ ਆਦਿ ਮਸ਼ਹੂਰ ਹਨ। ਲਿਬਾਸ ਬਾਰੇ ਕੁਝ ਮਜ਼ੇਦਾਰ ਤਥ :

1. ਪਹਿਲਾ ਮਹੀਨ ਲਿਨਨ ਦਾ ਜ਼ਨਾਨਾ ਕਮੀਜ਼ (ਤਰਖਨ ਡਰੈੱਸ) ਲਗਭਗ 5000 ਸਾਲ ਪੁਰਾਣਾ ਹੈ। ਇਸ ਨੂੰ ਈਜਿਪਟ ਦੇ ਕਾਇਰੋ ਵਿਚ ਇਕ ਕਬਰ ਵਿਚੋਂ 1913 ਵਿਚ ਕਢਿਆ ਗਿਆ।

2. ਨਿੱਕੇ ਮੁੰਡਿਆਂ ਨੂੰ ਕੁੜੀਆਂ ਵਰਗੀਆਂ ਲੰਮੀਆਂ ਫਰਾਕਾਂ ਪਾਉਂਦੇ ਸਨ। ਜਦ ਤਕ ਬੱਚਾ ਆਪ ਮਲ ਮੂਤਰ ਕਰਨਾ ਸਿਖ ਨਹੀਂ ਸੀ ਜਾਂਦਾ ਤੇਤੋਂ ਨੰਗਾ ਹੀ ਰਖਿਆ ਜਾਂਦਾ ਸੀ।

3. ਭਾਰਤ ਵਿਚ ਕਪਾਹ ਤੋਂ ਬਣੇ ਰੂੰ ਦੇ ਕਪੜੇ ਪਹਿਨਣ ਬਾਰੇ ਹੱੜਪਾ ਸਮੇਂ ਅਤੇ ਇੰਡਸ ਸਭਿਅਤਾ ਵਿਚ ਜ਼ਿਕਰ ਹੈ। ਈਸਾ ਤੋਂ 2500 ਸਾਲ ਪਹਿਲਾਂ ਦੇ ਕਪੜੇ ਲਭੇ ਹਨ ਜੋ ਮਹੀਨ ਬੁਣਤੀ ਅਤੇ ਰੇਸ਼ਮੀ ਕਪੜੇ ਕਮਾਲ ਦੇ ਡੀਜ਼ਾਈਨ ਦੀ ਅਗਾਂਹਵਧੂ ਕਾਰੀਗਰੀ ਦਾ ਸਬੂਤ ਹਨ।

4. ਰਿਗ ਵੇਦ ਵਿਚ ਈਸਾ ਤੋਂ 3000 ਸਾਲ ਪਹਿਲਾਂ ਤੋਂ ਹੀ ਭਾਰਤ ਵਿਚ ਸਾੜੀ ਵਰਗੇ ਕਪੜੇ ਦਾ ਜ਼ਿਕਰ ਹੈ। ਮੂਰਤੀਕਾਰਾਂ ਨੇ ਧੜ ਨਿਰਵਸਤਰ ਰਖ ਹੇਠਲੀਆਂ ਸਾੜੀਆਂ ਪੱਥਰਾਂ ਵਿਚ ਘੜੀਆਂ।

5. ਪਹਿਲੀ ਵਾਰ ਖੁੱਲੀਆਂ ਪੈਂਟਾਂ ਪਾਉਣ ਦਾ ਰਿਵਾਜ਼ ਪੁਰਸ਼ਾਂ ਵਿਚ ਈਸਾ ਤੋਂ 1000 ਸਾਲ ਪਹਿਲਾਂ ਤੋਂ ਸੀ। ਉਸ ਤੋਂ ਪਹਿਲਾਂ ਲੰਮਾ ਗਾਊਨ ਜਾਂ ਲੰਮੀ ਕਮੀਜ਼ ਹੀ ਪਾਈ ਜਾਂਦੀ ਸੀ।

6. ਔਰਤਾਂ ਵਲੋਂ ਪੈਂਟਾਂ ਪਾਉਣ ਦਾ ਜ਼ਿਕਰ ਪਹਿਲੀ ਵਿਸ਼ਵ ਜੰਗ ਸਮੇਂ ਮਿਲਦਾ ਹੈ ਜਦੋਂ ਉਨ੍ਹਾਂ ਨੂੰ ਇਹ ਪਹਿਰਾਵਾ ਆਸਾਨ ਜਾਪਿਆ।

7. ਨਿੱਕੀਆਂ ਬੇਟੀਆਂ ਲਈ ਨਿੱਕੀਆਂ ਫਰਾਕਾਂ 2009 ਤੋਂ ਲੱਖਾਂ ਖ਼ੂਬਸੂਰਤ ਡਰੈੱਸਾਂ ਦੁਨੀਆਂ ਭਰ ਵਿਚ ਪਹੁੰਚਾਈਆਂ ਜਾਂਦੀਆਂ ਹਨ।

ਪੰਜਾਬੀ ਲੋਕ ਗੀਤਾਂ ਵਿਚ ਗਹਿਣੇ, ਕਪੜੇ, ਪਰਾਂਦਾ ਅਤੇ ਜੁਤੀਆਂ ਦੇ ਅਨੇਕਾਂ ਜ਼ਿਕਰ ਮਿਲਦੇ ਹਨ। ਜੁੱਤੀ ਕਸੂਰੀ, ਪੈਰੀਂ ਨਾ ਪੂਰੀ; ਇਕ ਕੈਂਠੇ ਵਾਲਾ ਆ ਗਿਆ ਪ੍ਰਾਹੁਣਾ; ਮੇਰੀ ਗੁਤ ਦਾ ਪਰਾਂਦਾ ਮੇਰੇ ਸਜਣਾ ਨੇ ਆਂਦਾ; ਵਰਗੇ ਬੋਲ ਅਜ ਵੀ ਸਾਡੇ ਕੰਨਾਂ ਵਿਚ ਸਰੂਰ ਭਰਦੇ ਰਹਿੰਦੇ ਹਨ।

ਗੁਰੂ ਗ੍ਰੰਥ ਸਾਹਿਬ ਵਿਚ ਵੀ ਇਸ ਬਾਰੇ ਸਿਖਿਅਕ ਜ਼ਿਕਰ ਹੈ।

ਕੂੜੁ ਸੁਇਨਾ ਕੂੜੁ ਰੂਪਾ ਕੂੜੁ ਪੈਨਣਹਾਰੁ॥ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ॥468॥

ਸੋਨਾ, ਚਾਂਦੀ ਅਤੇ ਇਨ੍ਹਾਂ ਨੂੰ ਪਹਿਨਣ ਵਾਲੇ ਭਰਮ ਰੂਪ ਹਨ। ਇਹ ਸਰੀਰ, ਸੋਹਣੇ ਕਪੜੇ ਅਤੇ ਬੇਅੰਤ ਸੋਹਣਾ ਰੂਪ ਵੀ ਛਲ ਹੀ ਹਨ। ਇਨ੍ਹਾਂ ਦੇ ਮੋਹ ਵਿਚ ਇਨਸਾਨ ਭੁਲ ਗਿਆ ਕਿ ਉਹ ਨਾਸਵੰਤ ਹੈ।

ਲੰਕਾ ਗਢੁ ਸੋਨੇ ਕਾ ਭਇਆ॥ ਮੂਰਖੁ ਰਾਵਨੁ ਕਿਆ ਲੇ ਗਇਆ॥ਅੰਗ 1158॥

ਸਰਬ ਸੋਇਨ ਕੀ ਲੰਕਾ ਹੋਤੀ, ਰਾਵਨ ਸੇ ਅਧਿਕਾਈ॥ ਕਹਾ ਭਇਓ ਦਰਿ ਬਾਂਧੇ ਹਾਥੀ, ਖਿਨ ਮਹਿ ਭਈ ਪਰਾਈ॥ ਅੰਗ 693॥ ਨਾਮਦੇਵ ਜੀ॥

## ਗੁਰੂ ਅਮਰ ਦਾਸ ਅਪਾਹਜ ਆਸ਼ਰਮ

ਸਰਦਾਰਨੀ ਗੁਰਚਰਨ ਕੌਰ ਥਿੰਦ, ਕੈਲਗਰੀ (ਕੈਨੇਡਾ) ਫੋਨ: 403-402-9635



ਇਹ ਗਲ ਫ਼ਕੀਰਾਨਾ ਤਬੀਅਤ ਦੇ ਉਸ ਮਾਲਕ ਦੀ ਹੈ ਜਿਨ੍ਹਾਂ ਵੀਹ ਕੁ ਸਾਲ ਪੰਜਾਬ ਖੇਤੀ ਬਾੜੀ ਯੁਨੀਵਰਸਿਟੀ ਲੁਧਿਆਨਾ ਵਿਖੇ ਸਟੈਟਿਸਟਿਕਸ ਦੇ ਪ੍ਰਫ਼ੈਸਰ, ਉਪਰੰਤ ਯੂਨੀਵਰਸਿਟੀ ਆਫ਼ ਵਿੰਡਸਰ ਕੈਨੇਡਾ ਵਿਚ ਸਾਇੰਸਦਾਨ ਅਤੇ ਮੌਰੀਸਨ ਸਾਇੰਟਿਫਿਕ ਕੰਪਨੀ, ਕੈਲਗਰੀ ਵਿੱਚ ਸੀਨੀਅਰ ਸਾਇੰਸਦਾਨ ਵਜੋਂ ਸੇਵਾ ਨਿਭਾਈ। ਉਹ ਅਜੇ ਇੱਥੇ ਹੋਰ ਕੰਮ ਕਰ ਕੇ ਪੈਸਾ ਕਮਾ ਸਕਦੇ ਸਨ। ਅਚਾਨਕ 2005 ਵਿੱਚ ਸਭ ਕੁਝ ਛੱਡ ਕੇ ਲੁਧਿਆਨੇ ਦੀਆਂ ਸੜਕਾਂ ਤੋਂ ਲਾਵਾਰਿਸ, ਬਿਮਾਰ, ਅਪਾਹਜ ਮਰੀਜ਼ਾਂ ਨੂੰ ਆਪਣੇ ਸਾਈਕਲ ਤੇ ਹਸਪਤਾਲ ਪੁਚਾਉਂਦੇ, ਉਨ੍ਹਾਂ ਦੀ ਹੱਥੀ ਸੇਵਾ ਕਰਦੇ ਫ਼ੱਕਰਾਂ ਵਾਲੀ ਜ਼ਿੰਦਗੀ ਜਿਉਣ ਲਗ ਪਏ। ਇਨ੍ਹਾਂ ਦੀਆਂ ਇਨ੍ਹਾਂ ਕਾਰਜਾਂ ਦੀਆਂ ਤਸਵੀਰਾਂ ਅਖ਼ਬਾਰਾਂ ਵਿੱਚ ਵੇਖੀਆਂ ਸਨ। ਮਨ ਹੀ ਮਨ ਇਨ੍ਹਾਂ ਨੇਕ ਕੰਮਾਂ ਦੀ ਸ਼ਲਾਘਾ ਕੀਤੀ। ਅਸੀਂ 2009 ਵਿੱਚ ਕੈਲਗਰੀ ਆਏ ਤਾਂ ਇਨ੍ਹਾਂ ਨਾਲ ਮੁਲਾਕਾਤ ਦਾ ਸਬਬ ਹੋਇਆ। ਦੇਵਤਿਆਂ ਵਾਲੀ ਦਿੱਖ ਵਾਲਾ ਇਹ ਵਿਅਕਤੀ ਡਾ. ਨੌਰੰਗ ਸਿੰਘ ਮਾਂਗਟ ਸੀ। ਇਨ੍ਹਾਂ ਦੀ ਨਿਸ਼ਕਾਮ ਸੇਵਾ ਸੜਕਾਂ ਤੋਂ ਖੁੱਲ੍ਹੇ ਅਸਮਾਨ ਹੇਠਾਂ ਸ਼ੁਰੂ ਹੋ ਹੁਣ 'ਗੁਰੂ ਅਮਰ ਦਾਸ ਅਪਾਹਜ ਆਸ਼ਰਮ' ਦੇ ਰੂਪ ਵਿੱਚ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਪਿੰਡ ਸਰਾਭਾ-ਸਹੌਲੀ-ਅੱਬੂਵਾਲ, ਤਿੰਨ ਪਿੰਡਾਂ ਦੇ ਵਿਚਕਾਰ ਨਿਆਸਰਿਆਂ ਦਾ ਆਸਰਾ ਬਣ ਗਿਆ ਸੀ।

ਸਾਲ 2023 ਵਿੱਚ ਦੂਰੋਂ ਅੱਖੀਂ ਵੇਖ ਕੇ ਇਸ ਆਸ਼ਰਮ ਦੀ ਦਿਖ ਕਿਸੇ ਕਾਲਜ ਦੀ ਇਮਾਰਤ ਵਰਗੀ ਲਗੀ। ਸਾਨੂੰ ਆਸ਼ਰਮ ਦਾ ਕੰਮ-ਕਾਜ ਸੰਭਾਲਣ ਵਾਲੇ ਸਰਦਾਰ ਚਰਨ ਸਿੰਘ ਅਤੇ ਉਨ੍ਹਾਂ ਦੇ ਸਹਿਯੋਗੀ ਰਿਟਾਇਰਡ ਪ੍ਰੋਫੈਸਰ ਡਾ: ਕਮਲ ਗੁਰਮੀਤ ਸਿੰਘ ਮਿਲੇ ।

ਉਹ ਸਾਈਕਲ ਵੇਖਿਆ ਜਿਹਦੇ ਤੇ ਮਾਂਗਟ ਜੀ ਨੇ ਲਾਵਾਰਿਸ, ਬੇਸਹਾਰਾ, ਬੇਘਰ ਲੋਕਾਂ ਦੀ ਸੇਵਾ ਦਾ ਕਾਰਜ ਅਠਾਰਾਂ ਸਾਲ ਪਹਿਲਾਂ ਅਰੰਭਿਆ ਸੀ। ਨਾਲ ਹੀ ਮਿੱਟੀ ਦੇ ਤੇਲ ਵਾਲਾ ਸਟੋਵ ਜਿਸ ਉਪਰ ਆਪਣੇ ਹੱਥੀਂ ਪਕਾ ਕੇ ਮਰੀਜ਼ਾਂ ਨੂੰ ਖੁਆਉਂਦੇ। ਡਾ: ਮਾਂਗਟ ਨੇ 23 ਮਾਰਚ 2009 ਨੂੰ ਤਰਪਾਲ ਦਾ ਤੰਬੂ ਲਾ ਕੇ ਆਸਰਾ ਬਣਾਇਆ। ਇਹ 3000 ਗਜ਼ ਜਗ੍ਹਾ ਉਨ੍ਹਾਂ 11 ਜੂਨ 2008 ਨੂੰ ਖਰੀਦੀ ਸੀ। ਅੱਜ ਆਸ਼ਰਮ ਕੋਲ ਸਵਾ ਦੋ ਏਕੜ ਦੇ ਕਰੀਬ ਜ਼ਮੀਨ ਹੈ ਜੋ ਕਿਸੇ ਵਿਅਕਤੀ ਦੀ ਨਿੱਜੀ ਜਾਇਦਾਦ ਨਹੀਂ ਹੈ। ਸਾਰੀ ਆਸ਼ਰਮ ਦੇ ਨਾਮ ਹੈ ਜੋ ਕਿ ਇੱਕ ਚੈਰਿਟੇਬਲ ਸੰਸਥਾ ਹੈ। ਇਥੇ 200 ਦੇ ਕਰੀਬ ਵਿਅਕਤੀ ਰਹਿੰਦੇ ਹਨ (150 ਮਰਦ ਅਤੇ 50 ਔਰਤਾਂ)। ਲਗਦਾ ਹੈ ਕਿ ਔਰਤਾਂ ਦੇ ਮੁਕਾਬਲੇ ਮਰਦਾਂ ਨੂੰ ਵੱਧ ਗਿਣਤੀ ਵਿੱਚ ਘਰੋਂ ਬਾਹਰ ਧੱਕਿਆ ਜਾਂਦਾ ਹੈ। ਲਗਭਗ 120 ਮਰੀਜ਼ ਰੋਜ਼ਾਨਾ ਦਵਾਈ ਤੇ ਨਿਰਭਰ ਹਨ। ਬੜੇ ਸਾਫ਼-ਸੁੱਥਰੇ ਮੰਜੇ ਬਿਸਤਰੇ ਹਨ, ਕਈ ਥਾਈਂ ਡਬਲ-ਬੈੱਡ ਲਗੇ ਹੋਏ ਹਨ। ਮਰਦਾਂ ਲਈ ਵੱਡਾ ਹਾਲ ਹੈ ਜਿੱਥੇ ਹਮ-ਉਮਰ ਰਲ ਮਿਲ ਕੇ ਸਮਾਂ ਗੁਜ਼ਾਰਦੇ ਹਨ।

ਦਿਨ ਵੇਲੇ ਮਰਦ ਬਾਹਰ ਨਿਕਲ ਕੇ ਸਾਂਝੀ ਥਾਂ ਤੇ ਬੈਠ ਜਾਂਦੇ ਹਨ ਅਤੇ ਤਾਜ਼ੀ ਹਵਾ ਅਤੇ ਖੁੱਲ੍ਹ-ਡੁੱਲ੍ਹ ਦਾ ਆਨੰਦ ਮਾਣਦੇ ਹਨ। ਬਹੁਤ ਹੀ ਸਾਫ਼ ਰਸੋਈ ਵਿੱਚ ਸਭ ਲਈ ਪ੍ਰਸ਼ਾਦਾ ਤਿਆਰ ਹੁੰਦਾ ਹੈ। ਵਿੱਚ ਰਹਿਣ ਵਾਲੇ ਮਰਦ ਔਰਤਾਂ ਕੰਮ ਕਾਰ ਵਿੱਚ ਮਦਦ ਵੀ ਕਰਦੇ ਹਨ। ਵਾਧੂ ਜਾਣ ਕੇ ਇੱਕ ਕੁੜੀ ਨੂੰ ਘਰ ਵਾਲੇ ਆਸ਼ਰਮ ਵਿੱਚ ਛੱਡ ਗਏ। ਹੁਣ ਇਹ ਹੀ ਉਹਦਾ ਘਰ ਹੈ। ਕੁੱਝ ਦੁਖਿਆਰੀਆਂ ਦੀਆਂ ਦੁੱਖ ਭਰੀਆਂ ਕਹਾਣੀਆਂ ਅੰਦਰ ਕਾਂਬਾ ਛੇੜ ਰਹੀਆਂ ਸਨ। ਅੱਜ ਕੱਲ੍ਹ ਘਰਾਂ ਵਿੱਚ ਬਜ਼ੁਰਗਾਂ ਦਾ ਬੋਲਣਾ ਚਾਲਣਾ ਘਰਦਿਆਂ ਤੋਂ ਖਾਸ ਕਰ ਕੇ ਨਵੀਂ ਪੀੜ੍ਹੀ ਤੋਂ ਬਰਦਾਸ਼ਤ ਨਹੀਂ ਹੁੰਦਾ। ਉਨ੍ਹਾਂ ਨੂੰ ਆਸ਼ਰਮ ਵਿੱਚ ਸੇਵਾ ਕਰਕੇ ਅਤੇ ਆਪਣੇ ਵਰਗੀਆਂ ਅੰਗ ਸੰਗ ਰਹਿ ਕੇ ਖੁਸ਼ੀ ਦੇ ਨਾਲ ਸੰਤੁਸ਼ਟੀ ਵੀ ਮਿਲਦੀ ਹੈ।

ਮਰਦਾਂ ਵਾਲੇ ਪਾਸੇ ਮਰੀਜ਼ਾਂ ਦੀ ਹਾਲਤ ਜ਼ਿਆਦਾ ਬਦਤਰ ਸੀ। ਕੁੱਝ ਬੋਲ ਹੀ ਨਹੀਂ ਸਕਦੇ ਸਨ। ਕਈ ਮੈਂਟਲੀ ਰਿਟਾਰਡਡ, ਕਈਆਂ ਨੂੰ ਆਪਣੀ ਸੁੱਧ-ਬੁੱਧ ਹੀ ਨਹੀਂ ਸੀ। ਇਨ੍ਹਾਂ ਕੁੱਝ ਤਰਸਯੋਗ ਅਤੇ ਕਈ ਆਪਣਿਆਂ ਤੋਂ ਧੱਕਿਆਂ-ਧੱਕਾਇਆਂ ਨੂੰ ਇੱਥੇ ਆ ਕੇ ਵੇਖੋ ਤਾਂ ਇਸ ਦੁਨੀਆਂ ਦਾ ਹਨੇਰਾ ਪੱਖ ਨਜ਼ਰੀਂ ਪੈਂਦਾ ਹੈ। ਪਰ ਇੱਥੇ ਸੇਵਾ ਕਰ ਰਹੇ ਡਾਕਟਰਾਂ, ਨਰਸਾਂ, ਫਿਜ਼ੀਓਥੈਰੇਪਿਸਟਾਂ ਅਤੇ ਸੇਵਾਦਾਰਾਂ ਦੇ ਮੱਥੇ ਤੇ ਸ਼ਿਕਨ ਵੀ ਨਹੀਂ ਵੇਖੀ। ਉਹ ਕਹਿੰਦੇ ਹਨ ਕਿ ਸਾਨੂੰ ਇੱਥੇ ਕੰਮ ਕਰਕੇ ਸਕੂਨ ਮਿਲਦਾ ਹੈ। ਕਈ ਇਹੋ ਜਿਹੇ ਵੀ ਸਨ ਜਿਹੜੇ ਤੰਦਰੁਸਤ ਹਨ, ਜਿਨ੍ਹਾਂ ਦਾ ਵਧੀਆ ਘਰ ਹੈ, ਬੱਚੇ ਹਨ ਪ੍ਰੰਤੂ ਸਾਂਭ-ਸੰਭਾਲ ਖੁਣੋਂ ਬਾਪੂ ਨੂੰ ਇੱਥੇ ਛੱਡ ਗਏ। ਜੇਕਰ ਜ਼ਿੰਦਗੀ ਐਨੀ ਸੁਖਾਲ਼ੀ ਨਹੀਂ ਤਾਂ ਉਹ ਇੱਥੇ ਘੱਟੋ-ਘੱਟ ਸਾਂਭ-ਸੰਭਾਲ ਖੁਣੋਂ ਇਸ ਜਹਾਨੋਂ ਨਹੀਂ ਜਾਂਦੇ।

**'ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹਿ ਬੈਸਣੁ ਪਾਈਐ॥'**

ਤੀਸਰੀ ਮੰਜ਼ਲ ਉਪਰ ਗੁਰਦੁਆਰਾ ਸਾਹਿਬ ਹਨ ਜਿੱਥੇ ਰੋਜ਼ਾਨਾ ਨਿਤਨੇਮ ਹੁੰਦਾ ਹੈ। ਸਾਰਾ ਦਿਨ ਗੁਰਬਾਣੀ ਚਲਦੀ ਹੈ ਜੋ ਕਿ ਆਸ਼ਰਮ ਦੇ ਹਰ ਭਾਗ ਵਿੱਚ ਸੁਣਾਈ ਦਿੰਦੀ ਹੈ। ਮਰੀਜ਼ ਆ ਕੇ ਮੱਥਾ ਟੇਕਦੇ ਹਨ। ਦਿਨ ਤਿਉਹਾਰ ਰਲ ਮਿਲ ਕੇ ਮਨਾਏ ਜਾਂਦੇ ਹਨ। ਕਿਸੇ ਚੀਜ਼-ਵਸਤ ਦੀ ਕਦੇ ਤੋਟ ਨਹੀਂ ਆਉਂਦੀ। ਗੁਰੂ ਅਮਰਦਾਸ ਜੀ ਆਪ ਸਹਾਈ ਹੁੰਦੇ ਹਨ। ਲੋਕ ਕਵਿੰਟਲਾਂ ਆਟਾ ਅਤੇ ਹੋਰ ਵਸਤਾਂ ਆਸ਼ਰਮ ਵਿੱਚ ਦਾਨ ਕਰਦੇ ਹਨ। ਅਟੁੱਟ ਵਿਸ਼ਵਾਸ ਹੈ ਇੱਥੇ ਕੰਮ ਕਰਨ ਵਾਲਿਆਂ ਦਾ ਉਸ ਪ੍ਰਮਾਤਮਾ ਉਪਰ:

**"ਸੈਲ ਪੱਥਰ ਮਹਿ ਜੰਤ ਉਪਾਏ ਤਾ ਕਾ ਰਿਜਕ ਆਗੈ ਕਰਿ ਧਰਿਆ॥**

ਇਹ ਆਸ਼ਰਮ ਸ੍ਰੀ ਗੁਰੂ ਅਮਰ ਦਾਸ ਦੇ ਸਹਾਰੇ ਚਲਦੀ ਚੈਰਿਟੇਬਲ ਸੰਸਥਾ ਹੈ ਜੋ ਦਾਨੀ ਸੱਜਣਾਂ ਵਲੋਂ ਦਿੱਤੇ ਜਾਂਦੇ ਦਾਨ ਦੇ ਆਸਰੇ ਚਲਦੀ ਹੈ। ਪਰ ਮਨੁੱਖਤਾ ਦੇ ਭਲੇ ਲਈ ਆਰੰਭੀ ਇਸ ਸੰਸਥਾ ਨੂੰ ਹੋਰ ਮਦਦ ਦੀ ਲੋੜ ਹੈ। ਤਿੰਨ ਮੰਜ਼ਲੀ ਇਮਾਰਤ ਦਾ ਕੰਮ ਚਲ ਰਿਹਾ ਹੈ। ਇਸ ਦੇ ਕਈ ਨੇਕ ਕਾਰਜਾਂ ਵਿਚ ਸੇਵਾ ਕਰਨ ਲਈ ਸੰਸਥਾਪਕ ਸਰਦਾਰ ਨੌਰੰਗ ਸਿੰਘ ਜੀ ਮਾਂਗਟ (+91 95018-42506 ਵਟਸਐਪ, ਅਤੇ 001-403-401-8787 ਸੈੱਲ, ਕੈਲਗਰੀ) ਜਾਂ ਪ੍ਰਬੰਧਕ ਸਰਦਾਰ ਚਰਨ ਸਿੰਘ ਜੀ (ਫੋਨ- +91 98147-55084) ਨਾਲ ਸੰਪਰਕ ਕੀਤਾ ਕਾ ਸਕਦਾ ਹੈ।

**'ਤੁਰਿਆ ਚਲ ਫਕੀਰਾ ਪਿੱਛਾ ਭਉਂ ਕੇ ਵੇਖੀਂ ਨਾ'**......

## ਉਜਲੇ ਬਸਤਰ ਵਾਲੇ ਵੀਰਾ

ਗੁਰਚਰਨ ਸਿੰਘ 'ਜੋਗੀ', ਹਰਿਆਣਾ (ਭਾਰਤ)



ਉਜਲੇ ਬਸਤਰ ਵਾਲੇ ਵੀਰਾ,
ਮਨ ਵਿਚ ਝਾੜੂ ਮਾਰ ਲਿਆ ਕਰ।

ਹਰ ਵੇਲੇ ਹੀ ਤਪਿਆ ਰਹਿਨੈ,
ਕੁਝ ਪਲ ਮਨ ਨੂੰ ਠਾਰ ਲਿਆ ਕਰ।

ਲਹੂ ਪੀਣੀਆਂ ਜੋਕਾਂ ਕੋਲੋਂ,
ਰੱਖੀਂ ਆਸ ਨਾ ਲੋਕਾਂ ਕੋਲੋਂ,

ਡਰ ਨਾ ਜਾਵੀਂ ਰੋਕਾਂ ਕੋਲੋਂ,
ਤਿੱਖੀ ਫੜ ਰਫ਼ਤਾਰ ਲਿਆ ਕਰ।

ਜੋ ਹੋਣਾ ਉਹ ਹੋ ਕੇ ਰਹਿਣਾ,
ਅਪਣਾ ਦੁੱਖ ਤਾਂ ਖੁਦ ਹੀ ਸਹਿਣਾ,

ਬੁਰਾ ਭਲਾ ਕਿਉਂ ਕਿਸ ਨੂੰ ਕਹਿਣਾ,
ਬਹੁਤਾ ਨਾ ਤੂੰ ਭਾਰ ਲਿਆ ਕਰ।

ਹਰ ਵੇਲੇ ਨਾ ਮਿਲਦੀ ਚੂਰੀ,
ਕਦੇ ਨਾ ਹੁੰਦੀ ਤ੍ਰਿਸ਼ਨਾ ਪੂਰੀ,

ਖ਼ਾਹਿਸ਼ ਰਹਿੰਦੀ ਸਦਾ ਅਧੂਰੀ,
ਕਦੇ ਤਾਂ ਮਨ ਨੂੰ ਮਾਰ ਲਿਆ ਕਰ।

## ਸ਼ਬਦ-ਸਫ਼ਰ-220

### ਸੁਹਾਗਣ

'ਸੁਹਾਗਣ' ਤੋਂ ਭਾਵ 'ਉਹ ਔਰਤ ਜਿਸ ਦਾ ਪਤੀ ਜਿਊਂਦਾ ਹੋਵੇ' ਹੈ। ਇਹ ਵਿਧਵਾ ਦਾ ਵਿਰੋਧੀ ਸ਼ਬਦ ਹੈ। 'ਸੁਹਾਗਣ' 'ਸੁਹਾਗ' ਦਾ ਇਸਤਰੀ ਲਿੰਗ ਸ਼ਬਦ ਹੈ। 'ਸੁਹਾਗ' 'ਸੌਭਾਗ੍ਯ' ਤੋਂ ਆਇਆ ਹੈ ਜਿਸ ਦਾ ਭਾਵ 'ਚੰਗੇ ਭਾਗ' ਹੈ। ਇਉਂ 'ਸੁਹਾਗਣ' ਦਾ ਸ਼ਬਦੀ ਅਰਥ 'ਚੰਗੇ ਭਾਗਾਂ ਵਾਲ਼ੀ' ਹੈ। ਇਹ ਸ਼ਬਦ ਸਦੀਆਂ ਤੋਂ ਮਰਦ ਪ੍ਰਧਾਨ ਸਮਾਜ ਦਾ ਸੂਚਕ ਵੀ ਹੈ ਜਿੱਥੇ ਪਤੀ ਚੰਗੇ ਭਾਗਾਂ(ਸੁਹਾਗ) ਦਾ ਪ੍ਰਤੀਕ ਬਣ ਗਿਆ ਹੈ।


**ਸਕੂਲ ਸਿੱਖਿਆ ਵਿਭਾਗ ਪੰਜਾਬ**

ਪੇਸ਼ਕਰਤਾ

ਜਸਵਿੰਦਰ ਸਿੰਘ 'ਜਲਾਲ'(9915397716)


## ਸ਼ਬਦ-ਸਫ਼ਰ-214

### ਸਰਬਾਲ੍ਹਾ

'ਸਰਬਾਲ੍ਹਾ' ਤੋਂ ਪੰਜਾਬੀ ਚੰਗੀ ਤਰ੍ਹਾਂ ਜਾਣੂੰ ਹਨ। ਵਿਆਹ ਵਿੱਚ ਲਗਪਗ ਲਾੜੇ ਵਾਂਗ ਹੀ ਸਜ-ਧਜ ਕੇ, ਲਾੜੇ ਦੇ ਨਾਲ਼-ਨਾਲ਼ ਰਹਿਣ ਵਾਲ਼ੇ ਮੁੰਡੇ ਨੂੰ 'ਸਰਬਾਲ੍ਹਾ' ਕਿਹਾ ਜਾਂਦਾ ਹੈ। 'ਸਰਬਾਲ੍ਹਾ' ਸ਼ਬਦ ਬਾਰੇ ਦੋ ਤਰ੍ਹਾਂ ਦੇ ਵਿਚਾਰ ਮਿਲ਼ਦੇ ਹਨ। ਪਹਿਲੇ ਵਿਚਾਰ ਅਨੁਸਾਰ ਇਹ 'ਸਹਿ' ਭਾਵ 'ਸਾਥ' ਅਤੇ 'ਬਾਲਾ' ਭਾਵ ਬਾਲਕ ਤੋਂ ਬਣਿਆ ਹੈ। ਇਸ ਦਾ ਭਾਵ 'ਲਾੜੇ ਦੇ ਨਾਲ਼/ਸਾਥ ਰਹਿਣ ਵਾਲ਼ਾ ਮੁੰਡਾ' ਹੈ। ਦੂਜੇ ਵਿਚਾਰ ਅਨੁਸਾਰ ਇਹ ਸ਼ਬਦ ਫ਼ਾਰਸੀ ਭਾਸ਼ਾ ਦੇ ਸ਼ਬਦ ਸ਼ਹਬਲਾ/ਸ਼ਾਹਬਾਲਾ (شاه بلا) ਦਾ ਪੰਜਾਬੀ ਰੂਪ ਹੈ। ਇਹ 'ਸ਼ਹ/ਸ਼ਾਹ'(ਲਾੜਾ) ਅਤੇ 'ਬਾਲਾ'(ਕੱਦ-ਕਾਠ) ਤੋਂ ਬਣਿਆ ਹੈ ਜਿਸ ਦਾ ਭਾਵ 'ਲਾੜੇ ਵਰਗੇ ਕੱਦ-ਕਾਠ ਵਾਲ਼ਾ' ਹੈ। ਲਾੜੇ ਨੂੰ 'ਸ਼ਹ/ਸ਼ਾਹ' ਕਹਿਣ ਦਾ ਕਾਰਨ ਲਾੜੇ ਦਾ ਇਸ ਦਿਨ ਰਾਜਿਆਂ ਵਰਗਾ ਪਹਿਰਾਵਾ ਅਤੇ ਦਿੱਤੀ ਜਾਣ ਵਾਲ਼ੀ ਤਵੱਜੋ ਹੈ।


**ਸਕੂਲ ਸਿੱਖਿਆ ਵਿਭਾਗ ਪੰਜਾਬ**

ਪੇਸ਼ਕਰਤਾ

ਜਸਵਿੰਦਰ ਸਿੰਘ 'ਜਲਾਲ'(9915397716)

# ਗੰਭੀਰ ਸਮੱਸਿਆ ਬਣਿਆ ਬਾਂਝਪਣ (ਭਾਗ – 1)

ਪ੍ਰੋਫ਼ੈਸਰ  ਡਾ. ਜੈ ਰੂਪ ਸਿੰਘ
(ਸਾਬਕਾ ਵਾਈਸ ਚਾਂਸਲਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬ ਕੇਂਦਰੀ ਯੂਨੀਵਰਸਿਟੀ)



ਬਾਂਝਪਣ ਲਈ ਔਰਤ ਨੂੰ ਹੀ ਜ਼ਿੰਮੇਵਾਰ ਸਮਝਿਆ ਜਾਂਦਾ ਹੈ। ਪਰ ਸਿਰਫ਼ 40–50 ਫ਼ੀਸਦੀ ਜੋੜਿਆਂ ਵਿਚ ਹੀ ਔਰਤ ਵਿਚ ਕੋਈ ਨੁਕਸ ਹੁੰਦਾ ਹੈ, 30–40 ਫ਼ੀਸਦੀ ਵਿਚ ਮਰਦ ਵਿਚ ਵੀ ਨੁਕਸ ਹੁੰਦਾ ਹੈ ਅਤੇ ਕਈ ਵਾਰ ਦੋਵਾਂ ਵਿਚ ਨੁਕਸ ਹੋ ਸਕਦਾ ਹੈ। ਬਾਕੀ ਵਿਚ ਕਾਰਨ ਦਾ ਪਤਾ ਹੀ ਨਹੀਂ ਲੱਗਦਾ।

ਯੂਨਾਨ, ਮਿਸਰ, ਰੋਮ, ਪਰਸ਼ੀਆ, ਅਫ਼ਰੀਕਾ, ਹਿੰਦ-ਮਹਾਂਦੀਪ, ਮੰਗੋਲੀਆ, ਤੁਰਕੀ ਆਦਿ ਦੀਆਂ ਪੁਰਾਤਨ ਤਹਿਜ਼ੀਬਾਂ ਵਿਚ ਅਮਰੀਕਾ ਦੇ ਅਸਲੀ ਜੱਦੀ ਵਸਨੀਕ-ਰੈੱਡ ਇੰਡੀਅਨ ਤੇ ਕੈਨੇਡਾ ਦੇ ਪੁਰਾਤਨ ਅਸਲ ਬਸ਼ਿੰਦਿਆਂ ਦੀਆਂ ਪ੍ਰੰਪਰਾਵਾਂ ਵਿਚ; ਰੂਸ, ਜਾਪਾਨ, ਭਾਰਤ, ਚੀਨ, ਸੀਰੀਆ, ਸਾਇਬੇਰੀਆ, ਇਜ਼ਰਾਈਲ, ਮੈਕਸੀਕੋ ਤੇ ਹੋਰ ਅਨੇਕਾਂ ਮੁਲਕਾਂ ਦੀਆਂ ਕਦੀਮੀ ਸਭਿਆਤਾਵਾਂ ਦੇ ਇਤਿਹਾਸ ਤੇ ਮਿਥਿਹਾਸ ਵਿਚ ਇਕ ਅਜੀਬ ਸਾਂਝਾਪਣ ਤੇ ਸਮਾਨਤਾ ਹੈ। ਇਨ੍ਹਾਂ ਸਾਰਿਆਂ ਦੇ ਵੱਡੇ ਰਾਜੇ, ਮਹਾਰਾਜੇ, ਰਾਣੀਆਂ, ਪਟਰਾਣੀਆਂ ਇਕ ਅਨੋਖੀ ਸਮਰੱਥਾ ਰੱਖਦੇ ਸਨ-ਜਿਸ ਰਾਹੀਂ ਉਹ ਸੂਰਜ, ਚੰਨ, ਤਾਰੇ, ਹਵਾ, ਅੱਗ, ਪਾਣੀ, ਜੰਗਲ, ਸਮੁੰਦਰ, ਸਵਰਗ, ਨਰਕ, ਆਕਾਸ਼, ਪਤਾਲ ਆਦਿ ਦੇ ਦੇਵੀ-ਦੇਵਤਿਆਂ ਰਾਹੀਂ ਆਪਣੀ ਮਰਜ਼ੀ ਮੁਤਾਬਕ ਆਪਣਾ ਬਾਂਝਪਣ ਦੂਰ ਕਰਵਾ  ਸਕਦੇ ਸੀ।

ਇਹ ਅਲੌਕਿਕ ਰੋਸ਼ਨੀਆਂ, ਫੁੱਲਾਂ ਦੀ ਖ਼ੁਸ਼ਬੋ, ਫਲਾਂ ਦੇ ਸੁਆਦ, ਮੰਤਰ-ਜਾਪ, ਪਾਣੀ ਦੀਆਂ ਬੂੰਦਾਂ,ਸੁੱਤਿਆਂ-ਸੁੱਤਿਆਂ ਜਾਂ ਨਹਾਉਂਦਿਆਂ-ਨਹਾਉਂਦਿਆਂ, ਦੇਵੀ-ਦੇਵਤਿਆਂ ਦੀ ਕਾਲਪਨਿਕ ਛੋਹ ਜਾਂ ਖ਼ਿਆਲ ਅਤੇ ਅਜਿਹੇ ਹੋਰ ਅਨੇਕਾਂ ਕੁਦਰਤੀ ਦੇ ਗ਼ੈਰ-ਕੁਦਰਤੀ ਕਰਿਸ਼ਮਿਆਂ ਦੇ ਜ਼ਰੀਏ, ਬਾਂਝਪਣ ਦੂਰ ਕਰ ਲੈਂਦੇ ਸਨ ਤੇ ਵੰਸ਼ ਤੋਰਦੇ ਸਨ। ਅਜਿਹੇ ਰਾਜ-ਘਰਾਣਿਆਂ ’ਚ ਬਿਨਾਂ ਕਿਸੇ ਔਰਤ ਤੇ ਮਰਦ ਦੇ ਕਥਿੱਤ ਸਰੀਰਕ ਮਿਲਾਪ ਤੋਂ ਪੈਦਾ ਹੋਏ ਬੱਚਿਆਂ ਨੂੰ, ਦੰਦ-ਕਥਾਵਾਂ ਤੇ ਮਿਥਿਹਾਸ ਅਨੁਸਾਰ, ਰੱਬ ਦਾ, ਰੱਬ ਦੇ ਅਵਤਾਰ ਦਾ, ਦੇਵੀਆਂ ਜਾਂ ਦੇਵਤਿਆਂ ਜਾਂ ਉਨ੍ਹਾਂ ਦੇ ਬਰਾਬਰ ਦਾ ਰੁਤਬਾ ਹਾਸਲ ਹੁੰਦਾ ਰਿਹਾ ਹੈ।

ਇਹ ਬਾਂਝਪਣ ਦੂਰ ਕਰਨ ਦੇ ਇਲਾਹੀ ਕ੍ਰਿਸ਼ਮੇ ਆਮ ਲੋਕਾਂ ਲਈ ਨਹੀਂ ਹੁੰਦੇ ਸਨ। ਉਹ ਦਵਾ-ਦਾਰੂ ਦਾ ਅਸਰ ਨਾ ਹੋਣ ਉਪਰੰਤ ਇਸ ਲਈ ਦੇਵੀ-ਦੇਵਤਿਆਂ ਦੀ ਪੂਜਾ, ਜਾਦੂ ਟੋਣੇ,

ਝਾੜਾ, ਪਰਦਿਆਂ ਵਿਚ ਨਕਲੀ ਬਾਬਿਆਂ ਦੀਆਂ ਕਰਾਮਾਤਾਂ ਜਾਂ ਨਿਯੋਗ ਵਰਗੀਆਂ ਗ਼ੈਰ

ਮਰਦਾਂ ਨਾਲ ਸਰੀਰਕ ਸਬੰਧਾਂ ਉਪਰ ਨਿਰਭਰ ਹੁੰਦੇ ਹਨ। ਇਨ੍ਹਾਂ ਵਿੱਚੋਂ ਕਈ ਸਾਧਨ ਅੱਜ ਦੇ ਯੁੱਗ ਵਿਚ ਵੀ ਪੱਛੜੇ ਲੋਕਾਂ ਜਾਂ ਅੰਧ-ਵਿਸ਼ਵਾਸੀਆਂ ਵਿਚ ਪ੍ਰਫੁਲਿਤ ਹਨ।

ਆਪਣੀ ਨਸਲ ਨੂੰ ਅਗਾਂਹ ਤੋਰਨ ਲਈ ਔਰਤ ਤੇ ਮਰਦ ਦੋਹਾਂ ਦੇ ਸਹਿਯੋਗ ਦੀ ਲੋੜ ਹੈ। ਇਹ ਜਿਨਸੀ ਯੋਗਦਾਨ ਹੈ ਜੋ ਔਰਤ ਵੱਲੋਂ ਇਕ ਸੈੱਲ (ਆਂਡੇ) ਦੇ ਰੂਪ ਵਿਚ ਤੇ ਮਰਦ ਵੱਲੋਂ ਇਕ ਸੈੱਲ (ਸ਼ੁਕਰਾਣੂ) ਦੇ ਰੂਪ ਵਿਚ ਹੁੰਦਾ ਹੈ। ਇਹ ਦੋਵੇਂ ਸੈੱਲ (ਆਂਡਾ ਤੇ ਸ਼ਕਰਾਣੂ) ਆਪਸੀ ਮਿਲਾਪ ਉਪਰੰਤ ਇਕ ਮਿਲਵੇਂ ਜ਼ਰਖੇਜ਼-ਸੈੱਲ ਦੀ ਰਚਨਾ ਕਰਦੇ ਹਨ ਜਿਸ 'ਚ ਦੋਵਾਂ ਦਾ ਯੋਗਦਾਨ ਹੁੰਦਾ ਹੈ। ਇਸ ਮਿਲਾਪ ਤੋਂ ਬਣਿਆ ਸੈੱਲ ਬੱਚੇ ਦਾ ਪਹਿਲਾ 'ਮਿਲਾਪੀ ਜ਼ਰਖੇਜ਼ ਸੈੱਲ' ਹੁੰਦਾ ਹੈ ਜੋ ਔਰਤ ਦੀ ਬੱਚੇਦਾਨੀ 'ਚ ਇਕ ਪਰਜੀਵੀ ਵਾਂਗ ਹੁੰਦਾ ਹੈ ਤੇ ਔਰਤ ਵੱਲੋਂ ਮਿਲ ਰਹੀ ਊਰਜਾ, ਪੌਸ਼ਟਿਕ ਆਹਾਰ ਤੇ ਖੁਰਾਕ ਸਦਕਾ ਇਸ 'ਮਿਲਾਪੀ-ਜ਼ਰਖੇਜ਼' ਸੈੱਲ ਤੋਂ ਇਕ ਤੋਂ ਦੋ, ਫੇਰ ਦੋ ਤੋਂ ਚਾਰ, ਚਾਰ ਤੋਂ ਅੱਠ ... ਵਧਦੇ-ਵਧਦੇ ਇਨ੍ਹਾਂ ਸੈੱਲਾਂ ਤੋਂ ਬੱਚੇ ਦੇ ਵੱਖਰੇ-ਵੱਖਰੇ ਅੰਗ ਬਣੀ ਜਾਂਦੇ ਹਨ। ਬੱਚੇ ਵਿਚਲੇ ਸੈੱਲਾਂ ਦੀ ਗਿਣਤੀ ਜਨਮ ਵੇਲੇ ਅਨੁਮਾਨਤ 26 ਅਰਬ ਹੁੰਦੀ ਹੈ। ਇਸ ਕੁਦਰਤੀ ਪ੍ਰਕਿਰਿਆ ਵਿਚ ਪਹਿਲਾਂ ਮਰਦ ਵੱਲੋਂ ਸ਼ੁਕਰਾਣੂ ਤੇ ਔਰਤ ਵੱਲੋਂ ਆਂਡੇ ਆਉਣੇ ਜ਼ਰੂਰੀ ਹਨ।

ਮਰਦ ਵੱਲੋਂ ਤਕਰੀਬਨ ਹਰ ਵਾਰ 4 ਕਰੋੜ ਤੋਂ 30 ਕਰੋੜ ਜਾਂ ਇਸ ਤੋਂ ਵੀ ਵੱਧ ਸ਼ੁਕਰਾਣੂ ਪ੍ਰਤੀ ਮਿਲੀਮੀਟਰ ਵੀਰਜ ਰਾਹੀਂ, ਰੇਸ ਵਿਚ ਭੇਜਣੇ ਪੈਂਦੇ ਹਨ। ਇਨ੍ਹਾਂ ਵਿੱਚੋਂ ਅਖੀਰ ਵਿਚ ਆਂਡੇ ਨਾਲ ਮਿਲਾਪ ਦੀ ਕਾਮਯਾਬੀ ਸਿਰਫ਼ ਇਕ ਨੂੰ ਮਿਲਦੀ ਹੈ। ਜੇ ਇਨ੍ਹਾਂ ਸ਼ੁਕਰਾਣੂਆਂ ਦਾ ਨੰਬਰ ਡੇਢ ਪ੍ਰਤੀ ਮਿਲੀਲੀਟਰ ਜਾਂ ਇਕ ਵਾਰੀ ਵਾਲੇ ਕੁਲ ਵੀਰਜ ਵਿਚ 4 ਕਰੋੜ ਤੋਂ ਘੱਟ ਜਾਵੇ ਤਾਂ ਸ਼ੁਕਰਾਣੂਆਂ ਦੀ ਆਂਡੇ ਤੱਕ ਪਹੁੰਚ ਘੱਟ ਜਾਂਦੀ ਹੈ। ਕੁਝ ਮਰਦਾਂ ਦੇ ਵੀਰਜ ਵਿਚ ਸ਼ੁਕਰਾਣੂ ਹੁੰਦੇ ਹੀ ਨਹੀਂ ਜਾਂ ਘੱਟ ਹੁੰਦੇ ਹਨ ਜਾਂ ਖ਼ਰਾਬ ਹੁੰਦੇ ਹਨ ਜਿਹੜੇ ਆਂਡੇ ਨਾਲ ਮਿਲਾਪ ਕਰਨ ਤੋਂ ਅਸਮਰੱਥ ਹੁੰਦੇ ਹਨ।

ਮਰਦਾਂ ਵਿਚ ਸ਼ੁਕਰਾਣੂ ਹਰ ਵਕਤ ਬਣਦੇ ਰਹਿੰਦੇ ਹਨ। ਇਸ ਦੇ ਬਨਿਸਬਤ ਔਰਤ ਵਿਚ ਹਰ ਮਹੀਨੇ ਸਿਰਫ਼ ਇਕ ਵਾਰ ਉਸ ਦੀ ਅੰਡ-ਕੋਸ਼ ਵਿੱਚੋਂ ਇਕ ਆਂਡਾ ਹੀ ਤਿਆਰ ਹੁੰਦਾ ਹੈ। ਜੇ ਆਂਡਾ ਮੁਨਾਸਬ ਸਮੇਂ ਤਿਆਰ ਨਾ ਹੋਵੇ ਤਾਂ ਸ਼ੁਕਰਾਣੂ ਬਿਨਾਂ ਆਂਡੇ ਨੂੰ ਮਿਲਿਆਂ ਵਿਅਰਥ ਹੋ ਜਾਂਦੇ ਹਨ। ਕਈ ਔਰਤਾਂ ਵਿਚ ਵੀ ਆਂਡੇ ਠੀਕ ਵਕਤ 'ਤੇ ਤਿਆਰ ਨਹੀਂ ਹੁੰਦੇ ਜਾਂ ਬਣਦੇ ਹੀ ਨਹੀਂ ਜਾਂ ਖ਼ਰਾਬ ਬਣਦੇ ਹਨ। ਇਸ ਕਰ ਕੇ ਵੀ ਸ਼ੁਕਰਾਣੂ ਤੇ ਆਂਡੇ ਦਾ ਮਿਲਾਪ ਨਹੀਂ ਹੋ ਸਕਦਾ। ਬੱਚੇ ਦੀ ਸ਼ੁਰੂਆਤ ਤਾਂ ਹੀ ਹੋ ਸਕਦੀ ਹੈ ਜੇ ਔਰਤ ਤੇ ਮਰਦ ਦੋਨਾਂ ਵੱਲੋਂ ਆਪਣਾ-ਆਪਣਾ ਜਿਨਸੀ ਯੋਗਦਾਨ ਠੀਕ ਸਮੇਂ ਉੱਪਰ ਤੇ ਯੋਗ ਸਥਿਤੀ ਵਿਚ ਹੋਵੇ। ਅਧੂਰੇ ਯੋਗਦਾਨ ਦਾ ਨਤੀਜਾ ਬਾਂਝਪਣ 'ਚ ਨਿਤਰਦਾ ਹੈ।

## ਇਸ ਅੰਕ ਦੇ ਲੇਖਕਾਂ ਬਾਰੇ ਜਾਣਕਾਰੀ

**Prof. Dr. Jai Rup Singh,** a Ph.D. from AIMS, Delhi, joined Guru Nanak Dev University in 1973 and later became its Vice Chancellor. He was the founder V C of the Central University of Punjab and is amongst pioneers of human genetics in India. Presently he is Honorary Professor of Panjab University, is member of Chandigarh UT Committee on Higher Education. He was also member of Punjab Chief Minister's Advisory Committee on Higher Education.

He was President of Indian Society of Human Genetics; Chairman of Indian Genetic Alliance for Prevention of Genetic Disorders & Care of the Families; Vice-President of International Genetic Alliance and World Eye Foundation; Scientific Advisor of GENDIA International Foundation, USA; Fellow of International, National and Punjab Medical Sciences Academies and a recipient of the Czech Mendel Medal, Jaswant Singh Rai Memorial, Punjab Government and many other Awards.

He has published 4 books, 11 manuals and over 100 research papers and delivered over 60 invitee talks in USA, FRG, UK, France, Japan, Italy, Australia, Netherlands, Cyprus, Czech Republic, Mexico, Brazil, South Africa, and is a Visiting Professor at European and South American Universities.

**ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ ਦੇ** ਲੇਖ ਅਤੇ ਗੀਤ ਦੁਨੀਆਂ ਭਰ ਵਿੱਚ ਪ੍ਰਸਿੱਧ ਹਨ। ਉਹ ਵਿਸ਼ਵ ਪੰਜਾਬੀ ਕਵੀ ਸਭਾ ਦੇ ਸਕੱਤਰ ਅਤੇ ਕੈਲਗਰੀ ਵੂਮੈਨ ਕਲਚਰਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਹਨ। ਉਨ੍ਹਾਂ ਨੇ ਸੱਤ ਕਿਤਾਬਾਂ (ਕਵਿਤਾ ਅਤੇ ਵਾਰਤਕ) ਪ੍ਰਕਾਸ਼ਿਤ ਕੀਤੀਆਂ ਹਨ। ਕੈਨੇਡਾ ਦੀ ਫੈਡਰਲ ਸਰਕਾਰ ਦੁਆਰਾ ਦੋ ਵਾਰ ਅਤੇ ਭਾਰਤ ਅਤੇ ਵਿਦੇਸ਼ਾਂ ਵਿੱਚ ਉਨ੍ਹਾਂ ਨੂੰ ਕਈ ਵਾਰ ਸਨਮਾਨ ਮਿਲੇ। ਉਨ੍ਹਾਂ ਨੂੰ 'ਦੇਸ ਪੰਜਾਬ ਟਾਈਮਜ਼', ਕੈਲਗਰੀ, ਦੁਆਰਾ 'ਭਾਈ ਵੀਰ ਸਿੰਘ ਜੀ' ਅਵਾਰਡ ਨਾਲ ਵੀ ਸਨਮਾਨਿਤ ਕੀਤਾ ਗਿਆ। **(gurdish.grewal@gmail.com)**

**ਡਾ. ਕਾਬਲ ਸਿੰਘ**, ਐਮ.ਐਸ.ਸੀ. ਅਤੇ ਪੀ.ਐਚ.ਡੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਕਰ ਕੇ ਭਾਰਤ, ਜ਼ੈਂਬੀਆ ਅਤੇ ਕੈਨੇਡਾ ਵਿੱਚ ਕਈ ਵਿਭਾਗਾਂ ਦੇ ਮੁਖੀ, ਤਕਨੀਕੀ ਸਲਾਹਕਾਰ ਅਤੇ ਕਾਲਜਾਂ ਦੇ ਡੀਨ ਰਹੇ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅਧਿਐਨ ਕੀਤਾ ਅਤੇ ਗੁਰਬਾਣੀ ਦੀ ਰੋਸ਼ਨੀ ਵਿੱਚ ਸਮਕਾਲੀ ਮਸਲਿਆਂ ਬਾਰੇ ਲਿਖਣਾ ਸ਼ੁਰੂ ਕੀਤਾ। ਉਨ੍ਹਾਂ ਨੇ ਆਪਣੇ ਲੈਕਚਰਾਂ ਅਤੇ ਜ਼ੂਮ ਪੇਸ਼ਕਾਰੀਆਂ ਰਾਹੀਂ ਸੰਗਤ ਨਾਲ ਮਜ਼ਬੂਤ ਤਾਲਮੇਲ ਸਥਾਪਿਤ ਕੀਤਾ ਹੈ। **( singhkabal285@gmail.com)**

**ਡਾ. ਬਲਦੇਵ ਸਿੰਘ,** ਐਮ.ਐਸ.ਸੀ. ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਅਤੇ ਪੀ.ਐਚ.ਡੀ. ਯੂਨੀਵਰਸਿਟੀ ਆਫ ਅਲਬਰਟਾ ਤੋਂ ਹਾਸਲ ਕੀਤੀ। 20 ਸਾਲਾਂ ਤੋਂ ਵੱਧ ਸਮਾਂ ਮਿੱਟੀ, ਪਾਣੀ, ਫਸਲ ਅਤੇ ਵਾਤਾਵਰਣ ਪ੍ਰਬੰਧਨ ਵਿਚ ਪ੍ਰੋਫੈਸਰ ਵਜੋਂ ਕੰਮ ਕੀਤਾ ਹੈ। ਉਨ੍ਹਾਂ ਨੇ ਪੀ.ਐਚ.ਡੀ. ਲਈ "ਕੈਨੇਡੀਅਨ ਕਾਮਨਵੈਲਥ ਸਕਾਲਰਸ਼ਿਪ" ਪ੍ਰਾਪਤ ਕੀਤਾ ਅਤੇ ਕੁਸ਼ਲ ਸਰੋਤ ਪ੍ਰਬੰਧਨ ਲਈ ਟੀਮ ਖੋਜ ਅਵਾਰਡ ਮਿਲਿਆ। ਉਹ ਅਲਬਰਟਾ ਯੂਨੀਵਰਸਿਟੀ, ਅਲਬਰਟਾ ਐਨਵਾਇਰਮੈਂਟ, ਅਤੇ ਕਈ ਕੰਪਨੀਆਂ ਨਾਲ ਸਲਾਹਕਾਰ ਵੀ ਰਹੇ ਹਨ। **(baldev3@yahoo.com)**

**ਪ੍ਰੋਫੈਸਰ ਮਨਿੰਦਰ ਸਿੰਘ,** ਐਮ.ਏ, ਗੁਰੂ ਨਾਨਕ ਕਾਲਜ ਧਨਬਾਦ ਵਿੱਚ ਲੈਕਚਰਾਰ ਰਹਿ ਚੁਕੇ ਹਨ। ਉਨ੍ਹਾਂ ਨੇ ਪੂਰਬੀ ਭਾਰਤ, ਮਲੇਸ਼ੀਆ, ਸਿੰਗਾਪੁਰ, ਕੈਲਗਰੀ ਅਤੇ ਐਡਮਿੰਟਨ (ਕੈਨੇਡਾ) ਵਿੱਚ ਸਿੱਖ ਵਿਦਿਆਰਥੀਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ, ਬੱਚਿਆਂ ਲਈ ਇੱਕ ਪੰਜਾਬੀ ਮੈਗਜ਼ੀਨ "ਜੋਤ ਤੇ ਜੁਗਤ" ਅਤੇ 4 ਕਿਤਾਬਾਂ ਦਾ ਸੰਪਾਦਨ ਵੀ ਕੀਤਾ ਹੈ। **(Web: http://www.mypanorama.ca.)**

**ਡਾ. ਦਵਿੰਦਰ ਸਿੰਘ ਸੇਖੋਂ**, ਭਾਰਤ ਤੋਂ ਐਮ.ਐਸ.ਸੀ. ਅਤੇ ਕੈਲੀਫੋਰਨੀਆ ਯੂਨੀਵਰਸਿਟੀ ਤੋਂ (ਕੈਮਿਸਟਰੀ ਅਤੇ ਵਿਦਿਅਕ ਪ੍ਰਸ਼ਾਸਨ) ਵਿੱਚ ਪੀ.ਐਚ.ਡੀ. ਹਨ। ਉਹ 2009 ਵਿੱਚ ਪ੍ਰੋਫ਼ੈਸਰ ਵਜੋਂ ਸੇਵਾਮੁਕਤ ਹੋਏ ਅਤੇ ਉਨ੍ਹਾਂ ਨੇ ਸਿੱਖ ਧਰਮ ਬਾਰੇ 9 ਕਿਤਾਬਾਂ, ਬਹਤ ਸਾਰੇ ਖੋਜ ਲੇਖ ਅਤੇ ਕਾਨਫਰੰਸ ਪੇਪਰ ਲਿਖੇ ਹਨ। ਉਨ੍ਹਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਅੰਗਰੇਜ਼ੀ ਵਿੱਚ ਅਨੁਵਾਦ ਵੀ ਕੀਤਾ ਹੈ। **(Web : www.gurbanisandesh.com).**

**ਡਾ. ਹਰਸ਼ਿੰਦਰ ਕੌਰ** ਐੱਮ.ਡੀ. ਹਨ। ਲੈਕਚਰ ਦੇ ਕੇ ਜਾਗਰੂਪਤਾ ਲਿਆ ਰਹੇ ਹਨ। ਅਨਾਥ 415 ਲੜਕੀਆਂ ਨੂੰ ਮੁਫਤ ਸਿੱਖਿਆ ਦੇ ਰਹੇ ਹਨ, 41 ਸਨਮਾਨਿਤ ਕਿਤਾਬਾਂ ਅਤੇ ਕਈ ਲੇਖ ਲਿਖੇ ਹਨ। ਚੋਟੀ ਦੀਆਂ ਭਾਰਤੀ ਮਹਿਲਾਵਾਂ ਵਿਚ ਰਾਸ਼ਟਰਪਤੀ ਦੁਆਰਾ ਸਨਮਾਨ, ਪੰਜਾਬ ਤੋਂ ਪੁਰਸਕਾਰ ਅਤੇ ਸਿੱਖ ਰੋਲ ਮਾਡਲਾਂ ਵਿੱਚੋਂ ਹਨ। ਸੰਯੁਕਤ ਰਾਸ਼ਟਰ ਮੀਡੀਆ, 'ਵੂਮੈਨ ਰਾਈਟਸ ਐਕਟੀਵਿਸਟ' ਅਵਾਰਡ' ਅਤੇ ਰੋਟਰੀ ਵੋਕੇਸ਼ਨਲ ਅਵਾਰਡ, ਕੈਨੇਡਾ, ਕੈਲੀਫੋਰਨੀਆ ਦੀਆਂ ਸੰਸਦਾਂ ਵਿੱਚ ਅਵਾਰਡ' ਪ੍ਰਾਪਤ ਕੀਤੇ। ਕਈ ਟੀ. ਵੀ. ਦੁਆਰਾ ਉਨ੍ਹਾਂ ਦੇ ਕੰਮ 'ਤੇ ਅਧਾਰਿਤ ਫਿਲਮਾਂ ਬਣਾਈਆਂ ਗਈਆਂ ਹਨ।

**ਸਰਦਾਰ ਕਰਮਜੀਤ ਸਿੰਘ ਨੂਰ** ਪੰਜਾਬ ਰਾਜ ਬਿਜਲੀ ਬੋਰਡ ਤੋਂ 2008 ਵਿਚੋਂ ਐਕਸੀਅਨ ਰਿਟਾਇਰ ਹੋਏ। ਅੱਠ ਕਾਵਿ ਸੰਗ੍ਰਹਿ ਛਪੇ ਹਨ। ਗੁਰੁ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਮੀਤ ਪ੍ਰਧਾਨ ਤੇ ਸਕੱਤਰ ਸਨ। ਇੰਗਲੈਂਡ, ਅਮਰੀਕਾ ਅਤੇ ਪਾਕਿਸਤਾਨ ਵਿਖੇ ਕਵੀ ਦਰਬਾਰਾਂ ਵਿਚ ਸਨਮਾਨ ਪ੍ਰਾਪਤ ਹੋਏ। ਦਿੱਲੀ ਵਿਖੇ ਸਪਤ ਸ੍ਰਿੰਗ ਕਵੀ ਸਭਾ ਵਲੋਂ ਸ੍ਰ. ਪ੍ਰੀਤਮ ਸਿੰਘ ਕਾਸਦ ਯਾਦਗਾਰੀ ਪੁਰਸਕਾਰ ਦਿਤਾ ਗਿਆ। ਰੇਡੀਓ ਅਤੇ ਦੂਰਦਰਸ਼ਨ ਜਲੰਧਰ ਵਲੋਂ ਕਵੀ ਦਰਬਾਰਾਂ ਦਾ ਸੰਚਾਲਨ ਕੀਤਾ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਕਰ ਰਹੇ ਹਨ। **(ksnoor50@gmail.com. )**

**ਡਾ. ਡੀ.ਪੀ.ਸਿੰਘ,** ਭੌਤਿਕ ਵਿਗਿਆਨੀ, ਅਧਿਆਪਕ, ਅਤੇ ਪ੍ਰਸਿੱਧ ਲੇਖਕ ਹਨ, ਜਿਨ੍ਹਾਂ ਨੇ ਵਾਤਾਵਰਣ, ਸਮਾਜਿਕ ਸਮੱਸਿਆਵਾਂ ਅਤੇ ਸਿੱਖ ਅਧਿਆਤਮਿਕਤਾ ਉੱਤੇ ਅੰਗਰੇਜ਼ੀ ਅਤੇ ਪੰਜਾਬੀ ਵਿੱਚ ਲਿਖਿਆ ਹੈ। ਉਨ੍ਹਾਂ ਨੇ 24 ਕਿਤਾਬਾਂ, ਸੈਂਕੜੇ ਲੇਖ ਤੇ ਕਹਾਣੀਆਂ, 26 ਕਿਤਾਬਾਂ ਦੇ ਅਧਿਆਏ, ਅਤੇ 25 ਕਿਤਾਬਾਂ ਦੀਆਂ ਸਮੀਖਿਆਵਾਂ ਪ੍ਰਕਾਸ਼ਿਤ ਕੀਤੀਆਂ ਹਨ। ਉਹ ਮਿਸੀਸਾਗਾ (ਓਨਟਾਰੀਓ) ਵਿਖੇ ਸੈਂਟਰ ਫਾਰ ਅੰਡਰਸਟੈਂਡਿੰਗ ਸਿੱਖਇਜ਼ਮ ਦੇ ਆਨਰੇਰੀ ਡਾਇਰੈਕਟਰ ਹਨ।

**ਸ੍ਰ. ਗੁਰਚਰਨ ਸਿੰਘ 'ਜੋਗੀ'**, ਐਮ.ਏ., ਐਮ. ਫਿਲ. , ਬੀ.ਐਡ .ਕਰ ਕੇ ਹਰਿਆਣੇ ਦੇ ਸਕੂਲ ਵਿੱਚ ਬਤੌਰ ਮੁਖੀ ਸੇਵਾਵਾਂ ਨਿਭਾ ਰਹੇ ਹਨ। ਟੈਲੀਵਿਜ਼ਨ ਚੈਨਲਾਂ ਅਤੇ ਰੇਡੀਓ ਤੋਂ ਰਚਨਾਵਾਂ ਦਾ ਪ੍ਰਸਾਰਣ ਕਰਨ ਦਾ ਸ਼ੋਕ ਹੈ। ਅਖਬਾਰਾਂ, ਮੈਗਜ਼ੀਨਾਂ ਅਤੇ ਸਾਹਿਤ ਅਕਾਦਮੀ ਵੱਲੋਂ ਪ੍ਰਕਾਸ਼ਿਤ ਪੁਸਤਕਾਂ ਵਿਚ ਰਚਨਾਵਾਂ ਛਪੀਆਂ। ਪੰਜਾਬ, ਹਰਿਆਣਾ, ਦਿੱਲੀ, ਚੰਡੀਗੜ੍ਹ, ਹਿਮਾਚਲ ਅਤੇ ਉੱਤਰ ਪ੍ਰਦੇਸ਼ ਦੇ ਕਵੀ ਦਰਬਾਰਾਂ ਵਿਚ ਬਤੌਰ ਕਵੀ ਸ਼ਿਰਕਤ ਕੀਤੀ। ਪਿਛਲੇ ਲਗਭਗ 35-36 ਵਰ੍ਹਿਆਂ ਤੋਂ ਗ਼ਜ਼ਲਾਂ ਲਿਖ ਰਹੇ ਹਨ।

**ਸ੍ਰ. ਗੁਰਭਜਨ** ਸਿੰਘ ਗਿੱਲ ਸ਼੍ਰੋਮਣੀ ਕਵੀ, ਟਿੱਪਣੀਕਾਰ, ਵਿਗਿਆਨ ਸਾਹਿਤ ਸੰਪਾਦਕ ਅਤੇ ਖੇਡਾਂ ਦੇ ਖੇਤਰ ਵਿਚ ਸਰਗਰਮ ਹਨ। ਜੀ ਜੀ ਐਨ ਖ਼ਾਲਸਾ ਕਾਲਜ ਤੇ ਗੌਰਮਿੰਟ ਕਾਲਜ ਲੁਧਿਆਣਾ ਤੋਂ ਉਚੇਰੀ ਸਿੱਖਿਆ ਗ੍ਰਹਿਣ ਕੀਤੀ। ਪਾਕਿਸਤਾਨ ਵਿੱਚ ਤਿੰਨ ਪੁਸਤਕਾਂ (ਰਾਵੀ, ਖੈਰ ਪੰਜਾਂ ਪਾਣੀਆਂ ਦੀ ਅਤੇ ਸੁਰ ਤਾਲ) ਸ਼ਾਹਮੁਖੀ ਵਿਚ ਛਾਪੀਆਂ। ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਪ੍ਰਧਾਨ ਰਹੇ। ਪੀ. ਏ. ਯੂ ਲੁਧਿਆਣਾ ਵਿੱਚ ਮਾਸਿਕ"ਚੰਗੀ ਖੇਤੀ" ਦੇ ਸੀਨੀਅਰ ਸੰਪਾਦਕ ਰਹੇ।ਸੇਵਾਮੁਕਤ ਹੋ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿੱਚ ਡਾਇਰੈਕਟਰ ਯੋਜਨਾ ਤੇ ਵਿਕਾਸ ਰਹੇ। ਹੁਣ "ਲੋਕ ਵਿਰਾਸਤ ਅਕੈਡਮੀ" ਦੇ ਚੇਅਰਮੈਨ ਹਨ।

**ਸਰਦਾਰਨੀ ਗੁਰਚਰਨ ਕੌਰ ਥਿੰਦ**, ਐਮ.ਏ.,.ਬੀ.ਐੱਡ.,ਰਿਟਾਇਰਡ ਅਧਿਆਪਕ ਹਨ। ਬਤੌਰ ਇੰਟਰਪ੍ਰੈਟਰ ਅਤੇ ਟ੍ਰਾਂਸਲੇਟਰ ਵਲੰਟੀਅਰ ਕੰਮ ਕਰ ਰਹੇ ਹਨ। ਕੈਲਗਰੀ ਲੇਖਕ ਸਭਾ' ਦੇ ਸਕੱਤਰ ਅਤੇ 'ਪੰਜਾਬੀ ਟ੍ਰਿਬਊਨ'(ਪਰਵਾਸ) ਦੇ ਲੇਖਕ ਹਨ। ਸੋਸ਼ਲ ਐਕਟਵਿਸਟ, 'ਕੈਲਗਰੀ ਵੁਮੇਨ ਕਲਚਰਲ ਐਸੋਸੀਏਸ਼ਨ' ਦੇ ਮੋਢੀ ਅਤੇ'ਨਾਰਥ ਮੈਕਨਾਈਟ ਕਮਿਊਨਿਟੀ ਸੋਸਾਇਟੀ ਦੇ ਉਪ-ਪ੍ਰਧਾਨ ਹਨ। ਰੇਡੀਓ ਸਬਰੰਗ, ਪੰਜਾਬੀ ਨੈਸ਼ਨਲ ਰੇਡੀਓ ਅਤੇ ਟੀ.ਵੀ. ਦੇ ਹੋਸਟ ਹਨ। ਭਾਈ ਵੀਰ ਸਿੰਘ ਸਨਮਾਨ, 'ਕੁਈਨ ਐਲਿਜ਼ਬੈਥ ਅਵਾਰਡ' ਅਤੇ 'ਕਮਿਊਨਿਟੀ ਸਟਾਰਜ਼ ਅਵਾਰਡ' ਮਿਲੇ। **ਕਹਾਣੀ ਸੰਗ੍ਰਿਹ:** ਪ੍ਰਛਾਵਿਆਂ ਦੀ ਮਹਿਕ, ਰਿਸ਼ਤਿਆਂ ਦੀ ਤਾਸੀਰ, ਸ਼ਿਵ ਦੀ ਗੌਰਜਾਂ, ਕਨੇਡੀਅਨ ਕੂੰਜਾਂ, ਜਗਦੇ ਬੁਝਦੇ ਜੁਗਨੂੰ ਅਤੇ ਸੂਲਾਂ। **ਨਾਵਲ:** ਅੰਮ੍ਰਿਤ, ਚੰਦਰਯਾਨ ਤਿਸ਼ਕਿਨ, ਮਿਸ਼ਨ ਰੈੱਡ ਸਟਾਰ।Mail: thindgk@hotmail.com

************************************

.

## ਲੇਖਕਾਂ ਲਈ ਜ਼ਰੂਰੀ ਜਾਣਕਾਰੀ

1. ਮੈਗਜ਼ੀਨ ਦੀ ਨੀਤੀ: ਪੰਜਾਬੀ ਭਾਸ਼ਾ, ਸੱਭਿਆਚਾਰ, ਇਤਿਹਾਸ, ਅਤੇ ਵਿਰਾਸਤ ਸੰਬੰਧਤ ਧਰਮ-ਨਿਰਪੱਖ, ਗੈਰ-ਸਿਆਸੀ, ਗੈਰ-ਨਿੱਜੀ ਲਿਖਤਾਂ, ਸਮੀਖਿਆ ਕਰਕੇ ਛਾਪਣਾ।
2. ਲੇਖਕਾਂ ਦੇ ਵਿਚਾਰਾਂ ਲਈ ਜ਼ਿਮੇਵਾਰੀ ਲੇਖਕਾਂ ਦੀ ਹੀ ਹੋਵੇਗੀ, ਸੰਪਾਦਕੀ ਬੋਰਡ ਦੀ ਨਹੀਂ।
3. ਲਿਖਤ ਅਨਮੋਲ ਲਿਪੀ ਵਿਚ ਜਾਂ **Times New Roman** (14 ਫੌਂਟ) ਵਿਚ ਹੋਵੇ।
4. ਪ੍ਰਿੰਟ-ਸਕ੍ਰੀਨ, ਫੋਟੋ-ਕਾਪੀ, ਸਨਿੱਪ-ਟੂਲ, ਪੀ ਡੀ ਐਫ ਜਾਂ ਆਫਿਸ ਲੈਂਸ ਨਾ ਹੋਵੇ ਜੀ।
5. ਸਿੰਗਲ (1.0) ਲਾਈਨ ਸਪੇਸਿੰਗ ਅਤੇ ਹਾਸ਼ੀਏ ਚਾਰੇ ਪਾਸੇ ਇੱਕ ਇੰਚ ਜਗ੍ਹਾ ਛੱਡੀ ਹੋਵੇ।
6. ਲੇਖਕ ਆਪਣਾ ਨਾਮ, ਸ਼ਹਿਰ, ਦੇਸ਼, (ਚਾਹੁਣ ਤਾਂ ਫੋਟੋ), ਫ਼ੋਨ, ਈ-ਮੇਲ, ਵੱਟਸਐਪ ਤੇ ਸੰਖੇਪ ਜਾਣਕਾਰੀ ਦਿਓ ਜੀ।
7. ਕੁਲ ਲੰਬਾਈ (ਲੈਪਟਾਪ ਦੇ) ਦੋ ਪੰਨੇ-800 ਸ਼ਬਦ (ਫੋਟੋ ਲਈ ਸਪੇਸ ਸਮੇਤ) ਹੋਣ ਜੀ।
8. ਲੰਬੇ ਲੇਖ ***sanjihivrasat.org*** ਦੇ 'ਬਲ਼ੌਗ' ਉਤੇ ਜਾਂ ਲੜੀਵਾਰ ਛਾਪੇ ਜਾਣਗੇ।
9. ਲੇਖਕਾਂ ਦੀ ਜ਼ਿਮੇਵਾਰੀ ਹੋਵੇਗੀ ਦੇਖਣ ਕਿ '***Copyright Infringement***' ਨਾ ਹੋਵੇ।
10. ਹਵਾਲੇ ਵਿਚ ਟਾਈਟਲ, ਮੂਲ ਲੇਖਕ, ਜਰਨਲ ਦਾ ਅੰਕ / ਕਿਤਾਬ ਦਾ ਨਾਮ, ਸਾਲ ਤੇ ਪੰਨਾਂ ਨੰਬਰ ਦਿਓ ਜੀ। ਗੁਰਬਾਣੀ ਲਈ ਸਰੋਤ ਤੇ ਪੰਨਾਂ ਨੰਬਰ ਦਸਣਾ ਜ਼ਰੂਰੀ ਹੈ ਜੀ।

## Important Information for Authors

1. **Magazine Policy** : To Promote Punjabi Culture, History and Heritage. (By Secular, Non-Political, Non-Personal Articles/Poems, after Review)
2. **Editorial Board** : Will not be responsible for views of Authors / Poets.
3. **Font size 12/14** : Panjabi-'Anmol Lipi' (English -Times New Roman)
4. **Spacing, margin** : Line-to-line 1.0, Margins One Inch on all four sides.
5. **Format -WORD** : No PDF, Photocopy, Print-screen, Snip, Office-Lens
6. **Author's Data** : Name, City (Country), A Brief (own) Introduction, Give Phone, E-mail, or WhatsApp. (photo is optional).
7. **Maximum Length** : Two pages (Including Photo) of 800 Laptop words.
8. **Longer Articles** : On BLOG Website ***(sanjhivirasat.org)*** or serialized.
9. **Copy -Right (CR)** : Authors will ensure there is 'No CR' Infringement.
10. **References/Photos** : Source (Author, Title, Journal / Book, Year, Pages.

## ਸੰਪਾਦਕੀ ਮੰਡਲ (ਸਾਂਝੀ ਵਿਰਾਸਤ)

## Editorial Board (*Sanjhi Virasat*)

| | |
|---|---|
| ਡਾ. ਰਾਜਾ ਬਲਰਾਜ ਸਿੰਘ | ਕੈਲਗਰੀ (ਕੈਨੇਡਾ) |
| ਸਰਦਾਰਨੀ ਗੁਰਦੀਸ਼ ਕੌਰ ਗਰੇਵਾਲ | ਕੈਲਗਰੀ (ਕੈਨੇਡਾ) |
| ਪ੍ਰੋਫ਼ੈਸਰ ਮਨਿੰਦਰ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਕਾਬਲ ਸਿੰਘ | ਐਡਮਿੰਟਨ (ਕੈਨੇਡਾ) |
| ਡਾ. ਬਲਦੇਵ ਸਿੰਘ | ਐਡਮਿੰਟਨ (ਕੈਨੇਡਾ) |
| ਸਰਦਾਰ ਜਗਬੀਰ ਸਿੰਘ ਕੋਹਲੀ | ਕੈਲਗਰੀ (ਕੈਨੇਡਾ) |
| ਸਰਦਾਰ ਪਰਮਜੀਤ ਸਿੰਘ | ਟੋਰੋਂਟੋ (ਕੈਨੇਡਾ) |
| ਪ੍ਰਿੰਸੀਪਲ ਮਨਮੋਹਨ ਕੌਰ | ਦਿੱਲੀ (ਭਾਰਤ |
| ਸਰਦਾਰ ਉਂਕਾਰ ਸਿੰਘ ਟਿਵਾਣਾ | ਓਨਟਾਰੀਓ (ਕੈਨੇਡਾ) |
| ਡਾ. ਰਾਜਬੀਰ ਸਿੰਘ ਭੱਟੀ (ਮੁਖ ਤਕਨੀਕੀ ਸੰਪਾਦਕ) | ਕੈਲਗਰੀ (ਕੈਨੇਡਾ) |
| ਸਰਦਾਰ ਯੁਵਰਾਜ ਸਿੰਘ  (ਤਕਨੀਕੀ ਸਲਾਹਕਾਰ) | ਕੈਲਗਰੀ (ਕੈਨੇਡਾ) |
| ਡਾ. ਸੁਰਜੀਤ ਸਿੰਘ ਭੱਟੀ (ਮੁਖ ਸੰਪਾਦਕ) | ਕੈਲਗਰੀ (ਕੈਨੇਡਾ) |

### ਸ਼ਲਾਹਕਾਰ

| | |
|---|---|
| ਡਾ.  ਕਾਲਾ ਸਿੰਘ | ਵੈਨਕੂਵਰ (ਕੈਨੇਡਾ) |
| ਡਾ. ਦਵਿੰਦਰ ਸਿੰਘ ਸੇਖੋਂ | ਵਿੰਡਸਰ (ਕੈਨੇਡਾ) |
| ਡਾ. ਦਵਿੰਦਰ ਪਾਲ ਸਿੰਘ | ਮਿਸੀਸਾਗਾ (ਕੈਨੇਡਾ) |
| ਡਾ. ਜਗਜੀਤ ਸਿੰਘ | ਵੈਨਕੂਵਰ (ਕੈਨੇਡਾ) |
| ਸਰਦਾਰ ਕਰਮਜੀਤ ਸਿੰਘ ਨੂਰ | ਜਲੰਧਰ (ਭਾਰਤ) |
| ਸਰਦਾਰਨੀ ਅਮ੍ਰਿਤਪਾਲ ਕੌਰ | ਜਲੰਧਰ (ਭਾਰਤ) |
| ਸ਼੍ਰੀ ਰਿਸ਼ੀ ਨਾਗਰ | ਕੈਲਗਰੀ (ਕੈਨੇਡਾ) |
| ਸ੍ਰ. ਰਣਸ਼ੇਰ ਰਾਜ ਸਿੰਘ (ਤਕਨੀਕੀ ਸਹਾਇਕ) | ਕੈਲਗਰੀ (ਕੈਨੇਡਾ) |

## ਐਡੀਟੋਰੀਅਲ ਬੋਰਡ






ਡਾ. ਰਾਜਾ ਬਲਰਾਜ ਸਿੰਘ
ਗੁਰਦੀਸ਼ ਕੌਰ ਗਰੇਵਾਲ
ਪ੍ਰੋਫ਼ੈਸਰ ਮਨਿੰਦਰ ਸਿੰਘ
ਡਾ. ਕਾਬਲ ਸਿੰਘ






ਡਾ. ਬਲਦੇਵ ਸਿੰਘ
ਸ. ਜਗਬੀਰ ਸਿੰਘ ਕੋਹਲੀ
ਸ. ਪਰਮਜੀਤ ਸਿੰਘ
ਪ੍ਰਿੰਸੀਪਲ ਮਨਮੋਹਨ ਕੌਰ






ਸ੍ਰ. ਉਂਕਾਰ ਸਿੰਘ ਟਿਵਾਣਾ
ਡਾ. ਰਾਜਬੀਰ ਸਿੰਘ ਭੱਟੀ
ਸ. ਯੁਵਰਾਜ ਸਿੰਘ
ਡਾ. ਸੁਰਜੀਤ ਸਿੰਘ ਭੱਟੀ

## ਸਲਾਹਕਾਰ



ਡਾ. ਕਾਲਾ ਸਿੰਘ



ਡਾ. ਡੀ. ਪੀ ਸਿੰਘ




ਡਾ. ਜਗਜੀਤ ਸਿੰਘ



ਡਾ. ਦਵਿੰਦਰ ਸਿੰਘ ਸੇਖ਼ੋਂ



ਸ੍ਰ. ਕਰਮਜੀਤ ਸਿੰਘ ਨੂਰ



ਅਮ੍ਰਿਤਪਾਂਲ ਕੌਰ



ਰਿਸ਼ੀ ਨਾਗਰ



ਰਣਸ਼ੇਰ ਰਾਜ ਸਿੰਘ
ਤਕਨੀਕੀ ਸਹਾਇਕ